4

# ਮਾਰੇ ਗਏ ਅਤੇ ਲਾਪਤਾ ਵਿਅਕਤੀ

*ਪੋਗਰੋਮ ਨੀਤੀ :*

ਫਰਵਰੀ, 1995 ਵਿਚ ਪੰਜਾਬ ਯੂਨੀਵਰਸਿਟੀ ਵਿਖੇ ਹੋਏ ਪੰਜਾਬ ਦੇ ਸਮਕਾਲੀ ਇਤਿਹਾਸ ਤੇ ਇਕ ਸੈਮੀਨਾਰ ਵਿਚ ਪੇਸ਼ ਕੀਤੇ 'ਖਾੜਕੂਵਾਦ ਅਤੇ ਅਹਿੰਸਾ ਦੇ ਦਹਾਕੇ' ਇਕ ਪੇਪਰ ਬਾਰੇ ਇਕ ਅਖਬਾਰ ਵਿਚ ਡੀ.ਜੀ.ਪੀ. - ਪੰਜਾਬ ਕੇ.ਐਸ. ਢਿੱਲੋਂ ਨੇ ਲਿਖਿਆ : "ਭਾਰਤੀ ਸੁਰੱਖਿਆ ਬਲਾਂ ਦੁਆਰਾ ਕਥਿਤ ਤੌਰ ਤੇ ਕੀਤੇ ਗਏ ਰਾਜ ਆਤੰਕਵਾਦ ਦੀ ਨਾ ਕੇਵਲ ਵਿਦੇਸ਼ੀ ਮਨੁੱਖੀ ਅਧਿਕਾਰਾਂ ਦੇ ਗਰੁੱਪਾਂ ਨੇ ਹੀ ਬਲਕਿ ਭਾਰਤੀ ਮੀਡੀਆ, ਨਿਆਂਪਾਲਕਾ ਅਤੇ ਬੁੱਧੀਜੀਵੀ ਵਰਗ ਨੇ ਵੀ ਨਿੰਦਾ ਕੀਤੀ ਹੈ। ਰਾਜ ਵਿਚ ਵਾਪਰੇ ਆਤੰਕਵਾਦ ਵਿਚ ਅਸਲ ਵਿਚ ਬਹੁਤ ਜ਼ਿਆਦਾ ਜਾਨੀ ਅਤੇ ਮਾਲੀ ਨੁਕਸਾਨ ਹੋਇਆ ਹੈ ਜਿਸ ਵਿਚ ਜ਼ਿਆਦਾਤਰ ਭੋਲੇ ਭਾਲੇ ਨਾਗਰਿਕ ਮਾਰੇ ਗਏ ਹਨ ਅਤੇ ਆਪਸੀ ਮੇਲ-ਜੋਲ ਅਤੇ ਭਾਈਚਾਰੇ ਨੂੰ ਨੁਕਸਾਨ ਪੁੱਜਾ ਹੈ। ਇਸ ਨਾਲ ਕੌਮੀ ਸੁਰੱਖਿਆ ਅਤੇ ਜਨਤਾ ਦੀ ਸੁਰੱਖਿਆ ਲਈ ਰਾਜ ਨੂੰ ਨਿਹਿਤ ਜਾਇਜ਼ ਤਾਕਤ ਨੂੰ ਢਾਅ ਲੱਗੀ ਹੈ। ਅੱਤਵਾਦੀ ਲੁਕ-ਛਿਪ ਕੇ ਜਨਤਾ ਵਿਚ ਆਤੰਕ ਫਿਲਾਉਣ ਦੀਆਂ ਛੋਟੀਆਂ-ਮੋਟੀਆਂ ਕਾਰਵਾਈਆਂ ਕਰਦੇ ਹਨ। ਦੂਜੇ ਪਾਸੇ ਸਰਕਾਰ ਆਪਣੇ ਹੀ ਨਿੰਦਕਾਂ ਅਤੇ ਤੋੜ-ਭੰਨ ਕਰਨ ਵਾਲਿਆਂ ਵਿਰੁੱਧ ਗੁਪਤ ਆਤੰਕ ਦੀਆਂ ਕਾਰਵਾਈਆਂ ਕਰਦੀ ਹੈ।"

ਢਿੱਲੋਂ "ਸਿਧਾਂਤਕ" ਤੌਰ ਤੇ ਨਹੀਂ ਬੋਲ ਰਿਹਾ ਹੈ : ਉਸ ਨੇ ਪੰਜਾਬ (ਖਾੜਕੂਵਾਦ ਦੀ ਸ਼ੁਰੂਆਤ ਦੇ ਦੌਰਾਨ) ਅਤੇ ਬਾਅਦ ਵਿਚ ਮੱਧ ਪ੍ਰਦੇਸ਼ ਦੇ ਡੀ.ਜੀ.ਪੀ. ਵਜੋਂ ਕੰਮ ਕੀਤਾ ਹੈ। ਜੇਕਰ ਇਸ ਰਾਜ ਨੂੰ ਆਤੰਕਵਾਦ ਵਿਚ - ਅਤੇ ਆਪਸੀ ਭਾਈਚਾਰੇ ਵਿਚਲੀ ਨਫਰਤ ਨੂੰ ਸ਼ਾਮਲ ਕਰ ਦਿੱਤਾ ਜਾਵੇ ਤਾਂ ਇਹ ਅਤਿਆਚਾਰ ਹੋਰ ਵੀ ਗੰਭੀਰ ਹੋ ਜਾਂਦਾ ਹੈ।

*ਗ਼ੈਰ-ਨਿਆਂਇਕ ਹੱਤਿਆਵਾਂ*

ਅਖਬਾਰਾਂ ਵਿਚ ਇਨ੍ਹਾਂ ਗ਼ੈਰ-ਅਦਾਲਤੀ ਹੱਤਿਆਵਾਂ ਬਾਰੇ ਛਪਿਆ; ਪੁਲਿਸ ਦਾ ਪੱਖ ਅਦਾਲਤ ਵਿਚ ਸੰਦੇਹਪੂਰਣ ਅਤੇ ਹਾਸੋ-ਹੀਣਾ ਬਣ ਗਿਆ। ਸ਼ਬਦ "ਮੁਕਾਬਲਾ" ਇਕ ਮਜ਼ਾਕ ਬਣ ਗਿਆ। ਉਨ੍ਹਾਂ ਦੇ ਆਪਣੇ ਹੀ ਸੀਨੀਅਰ ਸੁਪਰਡੰਟ ਪੁਲਿਸ, ਇਜ਼ਹਾਰ ਆਲਮ ਨੇ 1 ਅਕਤੂਬਰ, 1987 (**ਦਿ ਟ੍ਰਿਬਿਊਨ**

ਵਿਚ ਛਪੀ ਖ਼ਬਰ) ਨੂੰ ਪੱਟੀ ਵਿਖੇ ਹੋਈ ਇਕ ਪ੍ਰੈਸ ਕਾਨਫਰੰਸ ਵਿਚ ਮੰਨਿਆ ਕਿ "ਜਿਨ੍ਹਾਂ ਅੱਤਵਾਦੀਆਂ ਨੇ ਪੰਜ ਜਾਂ ਇਸ ਤੋਂ ਵੱਧ ਕਤਲ ਕੀਤੇ ਸਨ, ਨੂੰ ਪਕੜਨ ਤੋਂ ਬਾਅਦ ਪੁਲਿਸ ਦੁਆਰਾ ਮਾਰ ਦਿੱਤਾ ਗਿਆ ਹੈ।" ਇਸ ਬਾਰੇ ਵਿਸਥਾਰ ਵਿਚ ਦਸਦਿਆਂ ਉਸ ਨੇ ਕਿਹਾ ਕਿ "ਪੁਲਿਸ ਦੁਆਰਾ ਅੱਤਵਾਦੀਆਂ ਨੂੰ ਇਸ ਕਰਕੇ ਮਾਰਨਾ ਪਿਆ ਕਿਉਂਕਿ ਗਵਾਹੀ ਨਾ ਮਿਲਣ ਕਾਰਨ ਕਾਨੂੰਨ ਦੁਆਰਾ ਉਨ੍ਹਾਂ ਨੂੰ ਸਜ਼ਾ ਦੇਣ ਦੀ ਸੰਭਾਵਨਾ ਬਹੁਤ ਦੂਰ ਹੈ।" ਮਿਸਟਰ ਆਲਮ ਨੇ ਫਿਰ ਪ੍ਰੈਸ ਨੂੰ ਭਰੋਸਾ ਦਿਵਾਇਆ ਕਿ "ਜਿਨ੍ਹਾਂ ਅੱਤਵਾਦੀਆਂ ਨੇ ਚਾਰ ਜਾਂ ਇਸ ਤੋਂ ਘੱਟ ਕਤਲ ਕੀਤੇ ਸਨ, ਉਨ੍ਹਾਂ ਨੂੰ ਝੂਠੇ ਮੁਕਾਬਲਿਆਂ ਵਿਚ ਨਹੀਂ ਮਾਰਿਆ ਹੈ।"

(ਇਸ ਤੋਂ ਇੰਜ ਮਾਲੂਮ ਹੁੰਦਾ ਹੈ ਕਿ ਜਿਵੇਂ ਕਿਤੇ ਮਿਸਟਰ ਆਲਮ ਮੁਸਲਮਾਨਾਂ ਦੇ ਵਿਆਹ ਦੇ ਫਤਵੇ ਨੂੰ ਖਾੜਕੂਆਂ ਲਈ ਪੁਲਿਸ ਦੀ ਨੀਤੀ ਤੇ ਲਾਗੂ ਕਰ ਰਹੇ ਹੋਣ : ਅਰਥਾਤ ਕਿ ਚਾਰ ਤਕ ਹਲਾਲ ਹੈ ਪ੍ਰੰਤੂ ਚਾਰ ਤੋਂ ਵੱਧ ਹਰਾਮ ਹੈ।)

ਇਸ ਬਿਆਨ ਦਾ "ਤਰਜਮਾ" ਕਰਨਾ ਕੋਈ ਔਖੀ ਗਲ ਨਹੀਂ ਹੈ : ਮਿਸਟਰ ਆਲਮ ਕਹਿ ਰਿਹਾ ਸੀ ਕਿ ਕਿਸੇ ਉਸ ਆਦਮੀ ਜਿਸ ਵਿਰੁੱਧ ਗਲਤ ਕੰਮ ਕਰਨ ਦੀ ਕੋਈ ਠੋਸ ਗਵਾਹੀ ਨਹੀਂ ਮਿਲਦੀ, ਨੂੰ ਵੀ ਮਾਰਿਆਂ ਜਾ ਸਕਦਾ ਹੈ - ਸਿਰਫ ਇਸੇ ਕਰਕੇ ਕਿ ਪੁਲਿਸ ਕੋਲ ਕੋਈ ਗਵਾਹੀ ਨਹੀਂ ਸੀ। ਇਹ ਸ਼ਾਇਦ ਪਹਿਲੀ ਵਾਰੀ ਨਹੀਂ ਸੀ ਕਿ ਕਿਸੇ ਪੁਲਿਸ ਕਰਮਚਾਰੀ ਨੇ ਮੰਨਿਆ ਕਿ ਅੱਤਵਾਦੀ ਝੂਠੇ ਮੁਕਾਬਲਿਆਂ ਵਿਚ ਮਾਰੇ ਜਾ ਰਹੇ ਸਨ।

ਆਪਣੀ ਪੁਸਤਕ ***ਟਰਾਈਸਟ ਵਿਦ ਟੈਰਰ*** ਵਿਚ ਟੀ.ਐਨ. ਨਰਾਇਣਨ ਨੇ ਇਕ ਪੁਲਿਸ ਅਫਸਰ ਦਾ ਹਵਾਲਾ ਦਿੱਤਾ ਹੈ ਕਿ ਉਸ ਨੇ ਕਿਹਾ ਹੈ : "ਨਿਆਂਇਕ ਵਿਧੀ ਮਰ ਚੁਕੀ ਹੈ। ਅਸੀਂ ਫੜੇ ਗਏ ਅੱਤਵਾਦੀਆਂ ਵਿਚੋਂ 70 ਪ੍ਰਤਿਸ਼ਤ ਨੂੰ ਮਾਰ ਦਿੰਦੇ ਹਾਂ ਕਿਉਂਕਿ ਅਗਰ ਕਿਸੇ ਨੂੰ ਅਦਾਲਤ ਵਿਚ ਪੇਸ਼ ਕੀਤਾ ਜਾਂਦਾ ਹੈ ਤਾਂ ਤੁਰਤ ਉਸਦੀ ਜ਼ਮਾਨਤ ਹੋ ਜਾਂਦੀ ਹੈ। ਜ਼ਮਾਨਤ ਇਕ ਨਿਯਮ ਹੈ, ਜੇਲ੍ਹ ਇਕ ਅਪਵਾਦ ਹੈ।"

ਨਾਰਾਇਣਨ ਨੇ ਕੇ.ਪੀ.ਐਸ. ਗਿੱਲ ਨਾਲ ਇਕ ਨਿੱਜੀ ਗਲਬਾਤ ਦਾ ਹਵਾਲਾ ਵੀ ਦਿੱਤਾ ਹੈ ਜਿਸ ਵਿਚ ਉਸ ਨੇ ਗ਼ੈਰ-ਅਦਾਲਤੀ ਹੱਤਿਆਵਾਂ ਨੂੰ ਜਾਇਜ਼ ਕਰਾਰ ਦਿੱਤਾ ਹੈ : "ਕੁਝ ਸਮਾਂ ਪਹਿਲਾਂ ਦੋ ਅੱਤਵਾਦੀ ਮੰਦਰ ਵਿਚੋਂ ਬਾਹਰ ਨਿਕਲੇ ਅਤੇ ਗਲੀ ਵਿਚ ਤੁਰ ਪਏ। ਸੀ ਆਰ ਪੀ ਐਫ਼ ਦੇ ਕਰਮਚਾਰੀਆਂ ਨੇ ਆਪਣੇ ਵੱਡੇ ਅਫਸਰਾਂ ਨੂੰ ਪੁੱਛਿਆ ਕਿ ਅਜਿਹੇ ਕੇਸਾਂ ਵਿਚ ਉਨ੍ਹਾਂ ਨੂੰ ਕੀ ਕਰਨਾ ਚਾਹੀਦਾ ਹੈ। ਇਹ ਮਾਮਲਾ ਮੇਰੇ ਕੋਲ ਆਇਆ, ਮੈਂ ਕਿਹਾ, 'ਉਨ੍ਹਾਂ ਨੂੰ ਗੋਲੀ ਮਾਰ ਦਿਓ'। ਮਸਲਾ ਇਹ ਨਹੀਂ ਹੈ ਕਿ ਤੁਸੀਂ ਕੀ ਕਰ ਸਕਦੇ ਹੋ, ਤੁਸੀਂ ਉਨ੍ਹਾਂ ਨੂੰ ਗੋਲੀ ਮਾਰਨ ਲਈ ਮਜਬੂਰ ਹੋ। ਏ ਕੇ 47 ਰਾਈਫਲ ਚੁੱਕਣਾ ਇਕ ਬਹੁਤ ਗੰਭੀਰ ਜੁਰਮ ਹੈ। ਸੀ ਆਰ ਪੀ ਐਫ

ਹੁਸ਼ਿਆਰ ਹੋ ਗਈ। (ਗਿੱਲ ਉਸ ਸਮੇਂ ਸੀ ਆਰ ਪੀ ਐਫ ਦਾ ਮੁੱਖੀ ਸੀ)।"

ਇਥੇ ਇਹ ਨੋਟ ਕੀਤਾ ਜਾਵੇ ਕਿ ਇਹ ਉਹੀ ਕੇ.ਪੀ.ਐਸ. ਗਿੱਲ ਸੀ ਜਿਸ ਨੇ ਫਿਲਮ ਅਭਿਨੇਤਰੀ ਸ਼੍ਰੀਦੇਵੀ ਜਦੋਂ ਉਹ 1992 ਵਿਚ ਚੰਡੀਗੜ੍ਹ ਵਿਖੇ ਉਸ ਦੀ ਮਹਿਮਾਨ ਸੀ, ਨੂੰ ਏ ਕੇ 47 ਰਾਈਫਲ ਭੇਂਟ ਕੀਤੀ ਸੀ। (ਇਕ ਹੋਰ ਹਿੰਦੀ ਫਿਲਮ ਅਭਿਨੇਤਾ, ਸੰਜੇ ਦੱਤ ਨੂੰ ਏ ਕੇ 56 ਰਾਈਫਲ ਰੱਖਣ ਲਈ ਟਾਡਾ ਅਧੀਨ ਗ੍ਰਿਫਤਾਰ ਕਰ ਲਿਆ ਸੀ - ਪ੍ਰੰਤੂ ਉਸ ਨੂੰ ਤਾਂ ਗੋਲੀ ਨਹੀਂ ਮਾਰੀ ਸੀ। ਦਰਅਸਲ, ਇਨ੍ਹਾਂ ਸਾਲਾਂ ਦੌਰਾਨ ਪੁਲਿਸ ਦੁਆਰਾ ਕਈ ਪ੍ਰਾਈਵੇਟ ਨਾਗਰਿਕਾਂ ਨੂੰ ਆਟੋਮੈਟਿਕ ਹਥਿਆਰ ਦਿੱਤੇ ਗਏ ਸਨ ਅਤੇ ਉਨ੍ਹਾਂ ਨੂੰ ਸਿਖਾਇਆ ਗਿਆ ਸੀ ਕਿ ਇਨ੍ਹਾਂ ਨੂੰ ਕਿਵੇਂ ਚਲਾਉਣਾ ਹੈ।)

30 ਅਗਸਤ, 1988 ਨੂੰ ਡੀ ਜੀ ਪੀ ਪੁਲਿਸ ਨੇ "ਮਰਿਆ ਜਾਂ ਜਿਊਂਦਾ ਚਾਹੀਦਾ ਹੈ" ਦੇ ਇਸ਼ਤਿਹਾਰ ਲਗਾਏ ਜਿਨ੍ਹਾਂ ਵਿਚ ਵਿਸ਼ੇਸ਼ ਤੌਰ ਤੇ ਉਨ੍ਹਾਂ 53 ਲੋਕਾਂ ਦੀ ਉਨ੍ਹਾਂ ਦੇ ਪਤਿਆਂ ਸਮੇਤ ਸ਼ਨਾਖਤ ਕੀਤੀ ਗਈ ਜਿਨ੍ਹਾਂ ਵਿਰੁੱਧ 25,000 ਰੁਪਏ ਤੋਂ ਲੈ ਕੇ ਇਕ ਲੱਖ ਰੁਪਏ ਤਕ ਇਨਾਮਾਂ ਦਾ ਐਲਾਨ ਕੀਤਾ ਗਿਆ। ਇਨ੍ਹਾਂ ਇਸ਼ਤਿਹਾਰਾਂ ਵਿਚ ਲਿਖਿਆ ਸੀ : "ਚਾਹੀਦੇ ਅੱਤਵਾਦੀਆਂ / ਉਗਰਵਾਦੀਆਂ ਨੂੰ ਪਕੜਨ / ਖ਼ਤਮ ਕਰਨ ਲਈ ਉਨ੍ਹਾਂ ਦੇ ਨਾਵਾਂ ਸਾਹਮਣੇ ਦਿੱਤੇ ਗਏ ਇਨਾਮ ਨੂੰ ਇਸ ਦੁਆਰਾ ਮਨਜ਼ੂਰੀ ਦਿੱਤੀ ਜਾਂਦੀ ਹੈ ...."

ਅਕਾਲੀ ਦਲ ਨੇ ਇਸ ਦੇ ਵਿਰੁੱਧ ਸੁਪਰੀਮ ਕੋਰਟ ਵਿਚ ਇਕ ਰਿੱਟ ਪੈਟੀਸ਼ਨ ਦਾਇਰ ਕੀਤੀ। ਉਨ੍ਹਾਂ ਦਾ ਮੁੱਖ ਇਤਰਾਜ਼ ਸੀ ਕਿ ਮਿਸਟਰ ਗਿੱਲ ਨੇ ਅਸਲ ਵਿਚ ਉਸ ਸਰਕੂਲਰ ਵਿਚ ਆਪਣੇ ਅਮਲੇ ਨੂੰ ਲੋੜੀਂਦੇ ਅੱਤਵਾਦੀਆਂ ਨੂੰ "ਖ਼ਤਮ" ਕਰਨ ਦੀ ਹਦਾਇਤ ਕੀਤੀ ਸੀ। ਪੰਜਾਬ ਰਾਜ ਵਿਚ ਅੱਤਵਾਦ ਦੀ ਮਿਸਾਲ ਵਜੋਂ ਉਸ ਸਰਕੂਲਰ ਦਾ ਹਵਾਲਾ ਦਿੰਦਿਆਂ ਅਕਾਲੀ ਦਲ ਨੇ ਦਲੀਲ ਦਿੱਤੀ ਕਿ ਮਿਸਟਰ ਗਿੱਲ ਦੁਆਰਾ ਕਿਸੇ ਵਿਅਕਤੀ ਨੂੰ ਮਾਰਨ ਲਈ ਆਪਣੀ ਸ਼ਕਤੀ ਦੀ ਵਰਤੋਂ ਕਰਨਾ ਉਸ ਵਿਅਕਤੀ ਨੂੰ ਸੰਵਿਧਾਨ ਦੁਆਰਾ ਦਿੱਤੇ ਗਏ ਜਿਊਣ ਦੇ ਹੱਕ ਦੀ ਉਲੰਘਣਾ ਕਰਨਾ ਸੀ।

6 ਫਰਵਰੀ ਨੂੰ ਦਾਇਰ ਕੀਤੀ ਗਈ ਪੈਟੀਸ਼ਨ ਦੀ ਸੁਣਵਾਈ ਪਹਿਲੀ ਵਾਰ 21 ਫਰਵਰੀ ਨੂੰ ਹੋਈ। ਸਰਕਾਰੀ ਵਕੀਲ ਉਸ ਦਿਨ ਹਾਜ਼ਰ ਸਨ ਅਤੇ ਉਸ ਨੇ ਉਸ ਦੇ ਜਵਾਬ ਵਿਚ ਹਲਫੀਆ ਬਿਆਨ ਦਾਇਰ ਕਰਨ ਲਈ ਦੋ ਹਫਤਿਆਂ ਦਾ ਸਮਾਂ ਮੰਗਿਆ। ਪ੍ਰੰਤੂ ਜਦੋਂ 12 ਮਾਰਚ ਨੂੰ ਦੂਜੀ ਵਾਰ ਸੁਣਵਾਈ ਹੋਈ ਤਾਂ ਸਰਕਾਰ ਅਜੇ ਵੀ ਜਵਾਬਦਾਵਾ ਦਾਇਰ ਕਰਨ ਲਈ ਤਿਆਰ ਨਹੀਂ ਸੀ ਅਤੇ ਹੋਰ ਚਾਰ ਹਫਤਿਆਂ ਦੀ ਮੋਹਲਤ ਪ੍ਰਾਪਤ ਕੀਤੀ।

ਇਸ ਸਮੇਂ ਦੇ ਦੌਰਾਨ ਜਾਪਦਾ ਹੈ ਕਿ ਨੈਸ਼ਨਲ ਫਰੰਟ ਸਰਕਾਰ ਨੇ ਉਸ ਸਰਕੂਲਰ ਦੀ ਕਾਨੂੰਨੀ ਹੈਸੀਅਤ ਤੇ ਕਿਸੇ ਦਲੀਲ ਹਥਿਆਉਣ (ਪ੍ਰੀ-ਐਮਪਟ ਕਰਨ) ਲਈ ਦਾਉ-ਪੇਚ ਦੀ ਵਿਉਂਤ ਬਣਾਈ। ਇਸ ਅਨੁਸਾਰ

ਮਿਸਟਰ ਗਿੱਲ ਨੇ ਪਹਿਲੇ ਸਰਕੂਲਰ ਨੂੰ ਬਦਲ ਕੇ ਪਹਿਲੀ ਅਪ੍ਰੈਲ ਨੂੰ ਇਕ ਨਵਾਂ ਸਰਕੂਲਰ ਜਾਰੀ ਕਰ ਦਿੱਤਾ। ਤਾਜ਼ੇ ਸਰਕੂਲਰ ਵਿਚੋਂ ਸ਼ਬਦ "ਖ਼ਾਤਮਾ ਕਰਨ" ਨੂੰ ਬਾਕਾਇਦਾ ਤੌਰ ਤੇ ਕੱਢ ਦਿੱਤਾ, ਜਿਸ ਵਿਚ ਸਿਰਫ ਗ੍ਰਿਫਤਾਰ ਕਰਨਾ ਜਾਂ ਪਕੜਨਾ ਸ਼ਬਦ ਹੀ ਰਹਿਣ ਦਿੱਤੇ।

ਪ੍ਰੰਤੂ ਏਨੇ ਵਿਚ, ਪਹਿਲੀ ਸੂਚੀ ਵਿਚੋਂ 12 ਵਿਅਕਤੀ ਗਾਇਬ ਸਨ ਅਤੇ ਮਿਥ ਲਿਆ ਕਿ ਉਹ ਮਰ ਗਏ ਹੋਣਗੇ। ਦੂਜੀ ਸੂਚੀ ਵਿਚੋਂ ਕੱਢੇ ਗਏ ਨਾਂ ਇਹ ਸਨ : ਗੁਰਸੇਵਕ ਸਿੰਘ (ਸੂਚੀ ਤੇ ਨੰ.5), ਹਰੀ ਸਿੰਘ (ਨੰ.6), ਕੁਲਵੰਤ ਸਿੰਘ (ਨੰ.14), ਜੁਗਿੰਦਰ ਸਿੰਘ (ਨੰ.15), ਬਿਸ਼ੇਸ਼ਰ ਸਿੰਘ (ਨੰ.32), ਬਲਦੇਵ ਸਿੰਘ (ਨੰ.33), ਬੋਹੜ ਸਿੰਘ (ਨੰ.38), ਸੀਤਾਰਾਮ ਬੈਰਾਗੀ (ਨੰ.41), ਕਮਲਜੀਤ (ਨੰ.43), ਅਤੇ ਰੇਸ਼ਮ ਸਿੰਘ (ਨੰ.51)।

ਪਹਿਲੀ ਸੂਚੀ ਵਿਚ ਜਸਵੰਤ ਸਿੰਘ ਨਾਂ ਦੇ ਦੋ ਵਿਅਕਤੀ ਸਨ, ਇਕ ਨੰ.19 ਤੇ ਅਤੇ ਦੂਜਾ 49 ਨੰਬਰ ਤੇ। ਦੂਜੀ ਲਿਸਟ ਵਿਚ ਸਿਰਫ ਇੱਕੋ ਜਸਵੰਤ ਸਿੰਘ ਸੀ। ਇਸੇ ਤਰ੍ਹਾਂ ਪਹਿਲੀ ਸੂਚੀ ਵਿਚ ਦੋ ਕਸ਼ਮੀਰ ਸਿੰਘ ਸਨ, ਇਕ ਨੰ.23 ਤੇ ਅਤੇ ਇਕ ਨੰ.35 ਤੇ ਸੀ; ਦੂਜੀ ਲਿਸਟ ਵਿਚ ਸਿਰਫ ਇੱਕੋ ਕਸ਼ਮੀਰ ਸਿੰਘ ਸੀ।

ਅਟਾਰਨੀ ਜਰਨਲ, ਭਾਰਤ ਸਰਕਾਰ ਨੇ ਦਲੀਲ ਦਿੱਤੀ : ਨੈਸ਼ਨਲ ਫਰੰਟ ਸਰਕਾਰ ਦਾ ਪਹਿਲੇ ਸਰਕੂਲਰ ਨਾਲ ਕੋਈ ਵਾਸਤਾ ਨਹੀਂ ਹੈ - ਇਹ ਇਕ ਬੜਾ ਗੰਭੀਰ ਮਾਮਲਾ ਹੈ, ਇਸ ਲਈ ਮੈਂ ਆਪ ਨੂੰ ਕੌਮੀ ਹਿਤ ਵਿਚ ਪੈਟੀਸ਼ਨ ਨੂੰ ਵਾਪਸ ਲੈਣ ਲਈ ਬੇਨਤੀ ਕਰਦਾ ਹਾਂ।"

ਪੈਟੀਸ਼ਨ ਵਾਪਸ ਲੈ ਲਈ ਗਈ ਸੀ। ਸੁਪਰੀਮ ਕੋਰਟ ਨੇ ਖ਼ੁਦ ਇਸ ਗਲ ਦਾ ਪਤਾ ਲਗਾਏ ਬਗੈਰ ਕਿ ਇਸ ਵਿਚ ਕੌਮੀ ਹਿਤ ਕਿਵੇਂ ਸ਼ਾਮਲ ਸੀ ਅਤੇ ਪਹਿਲੀ ਸੂਚੀ ਵਿਚੋਂ ਗਾਇਬ ਕੀਤੇ ਗਏ ਵਿਅਕਤੀਆਂ ਦਾ ਨੋਟਿਸ ਖ਼ੁਦ -ਬਖ਼ੁਦ ਲਏ ਬਗੈਰ, ਜੋ ਕਿ ਸਰਵਉਚ ਨਿਆਂਇਕ ਅਥਾਰਟੀ ਦੇ ਪੱਖਪਾਤੀ ਰਵੱਈਏ ਨੂੰ ਦਰਸਾਉਂਦਾ ਹੈ, ਕੌਮੀ ਹਿਤ ਦੀ ਅਸਪੱਸ਼ਟ ਦਲੀਲ ਤੇ ਇਸ ਸੂਚੀ ਨੂੰ ਵਾਪਸ ਲੈਣ ਦੀ ਆਗਿਆ ਦੇ ਦਿੱਤੀ।[6]

ਇਕ ਹੋਰ ਦਸਤਾਵੇਜ਼ ਧਿਆਨ ਵਿਚ ਆਇਆ ਜਿਸ ਤੋਂ ਪਤਾ ਲਗਦਾ ਹੈ ਕਿ ਪੰਜਾਬ ਪੁਲਿਸ ਨੇ 30 ਅਗਸਤ, 1989 ਦੇ ਸਰਕੂਲਰ ਤੋਂ ਬਹੁਤ ਚਿਰ ਪਹਿਲਾਂ ਲੋਕਾਂ ਦਾ ਖਾਤਮਾ ਕਰਨ ਦੀ ਸ਼ਕਤੀ ਆਪਣੇ ਹੱਥ ਵਿਚ ਲੈ ਲਈ ਸੀ। 31 ਅਗਸਤ, 1987 ਨੂੰ ਪੰਜਾਬ ਪੁਲਿਸ ਦੇ ਡਾਇਰੈਕਟਰ ਜਨਰਲ ਕੇ.ਪੀ.ਐਸ. ਗਿੱਲ ਨੇ ਸੀ ਆਰ ਪੀ ਐਫ ਦੇ ਪੰਜ ਕਰਮਚਾਰੀਆਂ, ਜਿਨ੍ਹਾਂ ਨੇ "ਕੁਝ ਖ਼ਤਰਨਾਕ ਅੱਤਵਾਦੀਆਂ ਨੂੰ ਪਕੜਨ ਅਤੇ ਖ਼ਤਮ ਕਰਨ ਲਈ ਵਿਸ਼ੇਸ਼ ਤੌਰ ਤੇ ਅੱਛਾ ਕੰਮ ਕੀਤਾ", ਦੀ ਪ੍ਰਸ਼ੰਸਾ ਕਰਦਿਆਂ ਸੀ ਆਰ ਪੀ ਐਫ ਡਾਇਰੈਕਟੋਰੇਟ ਨੂੰ ਲਿਖਿਆ ਅਤੇ ਉਨ੍ਹਾਂ ਦੀ ਬਦਲੀ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਕਰਨ ਲਈ ਕਿਹਾ ਤਾਂ ਕਿ "ਉਨ੍ਹਾਂ ਦੀਆਂ ਸੇਵਾਵਾਂ ਦਾ ਢੁੱਕਵੇਂ

ਤੌਰ ਤੇ ਲਾਭ ਉਠਾਇਆ ਜਾ ਸਕੇ।"

ਇਨ੍ਹਾਂ ਅਤੇ ਇਸੇ ਤਰ੍ਹਾਂ ਦੀਆਂ ਹੋਰ ਗੈਰ-ਨਿਆਂਇਕ (ਐਕਸਟਰਾ-ਜੁਡੀਸ਼ਿਅਲ) ਹੱਤਿਆਵਾਂ ਬਾਰੇ ਕੇਂਦਰ ਸਰਕਾਰ ਨੂੰ ਪਤਾ ਸੀ ਜਿਨ੍ਹਾਂ ਬਾਰੇ 30 ਦਸੰਬਰ, 1991 ਨੂੰ ਮਿਸਟਰ ਵੀ.ਜੀ. ਵੈਦਿਆ, ਵਿਸ਼ੇਸ਼ ਡਾਇਰੈਕਟਰ (ਬਾਅਦ ਵਿਚ ਡਾਇਰੈਕਟਰ ਆਈ ਬੀ ਵਜੋਂ ਤਰੱਕੀ ਦਿੱਤੇ ਗਏ) ਦੁਆਰਾ ਪੰਜਾਬ ਡੀ ਜੀ ਪੀ ਕੇ.ਪੀ.ਐਸ. ਗਿੱਲ ਨੂੰ ਲਿਖੇ ਪੱਤਰ ਵਿਚ ਜ਼ਿਕਰ ਸੀ "ਉਹ (ਜ਼ਿਲ੍ਹਾ ਕਰਮਚਾਰੀ) ਇਸ ਗਲ ਦੀ ਭਿਣਕ ਪਾਉਣ ਤੋਂ ਵੀ ਗੁਰੇਜ਼ ਕਰਨ ਕਿ ਉਨ੍ਹਾਂ ਦਾ ਕਿਸੇ ਉਸ ਚੀਜ਼ ਨਾਲ ਵਾਸਤਾ ਹੈ ਜਿਹੜੀ ਰਾਜ ਦੇ ਕਾਨੂੰਨ ਦੀ ਉਲੰਘਣਾ ਵਿਚ ਹੋਵੇ। ਕਾਰਜਕਾਰੀ ਕਾਰਵਾਈ ਵਿਚ ਉਨ੍ਹਾਂ ਦੀਆਂ ਪੇਸ਼ਾਵਾਰਾਨਾ ਮਜਬੂਰੀਆਂ ਦਾ ਉਨ੍ਹਾਂ ਦੁਆਰਾ ਜਨਤਾ ਅਗੇ ਵਰਣਨਾਂ ਵਿਚ ਪ੍ਰਤਿਬਿੰਬ ਨਹੀਂ ਪੈਣਾ ਚਾਹੀਦਾ।" (**ਇੰਡੀਆ ਟੂਡੇ, 5.10.92**)।

ਇਹ ਗਲ ਰਿਕਾਰਡ ਤੇ ਹੈ ਕਿ ਪੰਜਾਬ ਦੇ ਸਾਬਕਾ ਡੀ.ਜੀ.ਪੀ. ਕੇ.ਐਸ. ਢਿੱਲੋਂ ਨੇ ਕਿਹਾ ਹੈ ਕਿ ਕੇਂਦਰ ਨੇ ਪੰਜਾਬ ਦੁਆਰਾ ਕੀਤੀਆਂ ਗਈਆਂ ਵਧੀਕੀਆਂ ਨੂੰ ਮੁਆਫ ਕੀਤਾ ਅਤੇ ਹੋਰ ਵਧੀਕੀਆਂ ਕਰਨ ਲਈ ਪੁਲਿਸ ਦੀ ਹੌਂਸਲਾ-ਅਫਜ਼ਾਈ ਕੀਤੀ (**ਇੰਡੀਅਨ ਐਕਸਪ੍ਰੈਸ**, 2 ਮਾਰਚ, 1995 ਵਿਚ ਛਪਿਆ)।

'ਸਤਲੁਜ' ਦਰਿਆ ਵਾਂਗੂੰ ਵਗਦੇ ਖ਼ੂਨ-ਖਰਾਬੇ ਤੋਂ ਬਾਅਦ, ਸੁਪਰੀਮ ਕੋਰਟ ਨੇ ਸਰਕਾਰੀ ਜਵਾਬ-ਤਲਬੀਆਂ ਦੀ ਮਾਮੂਲੀ ਪਰਖ ਕਰਨੀ ਸ਼ੁਰੂ ਕੀਤੀ; 16 ਸਤੰਬਰ, 1994 ਨੂੰ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਐਮ.ਐਲ. ਵੈਂਕਟਚਲਈਆ ਦੀ ਪ੍ਰਧਾਨਗੀ ਹੇਠ ਤਿੰਨ-ਜੱਜਾਂ ਦੇ ਇਕ ਡਿਵੀਜ਼ਨ ਬੈਂਚ ਨੇ ਪੰਜਾਬ ਦੇ ਡੀ.ਜੀ.ਪੀ. ਕੇ.ਪੀ.ਐਸ. ਗਿੱਲ ਦੀ ਕਰੜੀ ਨੁਕਤਾ-ਚੀਨੀ ਕੀਤੀ ਅਤੇ ਕੇਂਦਰੀ ਜਾਂਚ ਬਿਊਰੋ ਨੂੰ "ਕੁਰਾਹੇ ਪਈ ਅਤੇ ਬਿਨਾਂ ਕਿਸੇ ਰੋਕ-ਟੋਕ ਪੁਲਿਸ ਬਲ ਦੁਆਰਾ" ਪਿੰਡ ਕਥੂਨੰਗਲ ਵਿਚ ਰਹਿ ਰਹੇ ਇੱਕੋ ਪਰਵਾਰ ਦੇ ਸੱਤ ਵਿਅਕਤੀਆਂ ਦੇ ਅਪਹਰਣ ਅਤੇ "ਫਰਜ਼ੀ ਖ਼ਾਤਮਾ ਕਰਨ" ਦੀ ਪੜਤਾਲ ਕਰਨ ਦਾ ਹੁਕਮ ਦਿੱਤਾ।

ਜਨਵਰੀ, 1992 ਵਿਚ, ਇੰਦਰ ਸਿੰਘ, ਗੁੰਮ ਹੋਏ ਵਿਅਕਤੀਆਂ ਵਿਚੋਂ ਇਕ ਸਾਧੂ ਸਿੰਘ (85) ਦੇ ਸਪੁੱਤਰ ਵਲੋਂ ਡੀ ਜੀ ਪੀ ਨੂੰ ਸ਼ਿਕਾਇਤ ਕੀਤੀ ਗਈ। ਗਿੱਲ ਨੇ ਹਲਫੀਆ ਬਿਆਨ ਵਿਚ ਕਿਹਾ ਕਿ ਉਹ ਉਦੋਂ ਰਾਜ ਦਾ ਪੁਲਿਸ ਮੁੱਖੀ ਨਹੀਂ ਸੀ ਜਦੋਂ ਇਹ ਵਾਕਿਆ ਹੋਇਆ, ਅਦਾਲਤ ਨੇ ਜਵਾਬ ਦਿੱਤਾ ਕਿ ਉਹ ਉਪਰੋਕਤ ਸ਼ਿਕਾਇਤ ਕਰਨ ਸਮੇਂ ਪੁਲਿਸ ਦਾ ਮੁੱਖੀ ਸੀ ਅਤੇ ਇਹ ਸਪੱਸ਼ਟ ਤੌਰ ਤੇ ਉਸ ਨੂੰ ਪੇਸ਼ ਕੀਤੀ ਗਈ ਸੀ। ਮਾਰਚ, 1994 ਵਿਚ ਸੁਪਰੀਮ ਕੋਰਟ ਵਲੋਂ ਉਸ ਨੂੰ ਨੋਟਿਸ ਜਾਰੀ ਕਰਨ ਤਕ ਉਸ ਨੇ ਕੋਈ ਕਾਰਵਾਈ ਨਹੀਂ ਸੀ ਕੀਤੀ। ਅਦਾਲਤ ਨੇ "ਹੈਰਾਨੀ" ਪ੍ਰਗਟ ਕੀਤੀ ਕਿ ਗਿੱਲ ਨੇ ਉਸ ਤੇ ਗੌਰ ਕਰਨ ਲਈ ਸ਼ਿਕਾਇਤ ਨੂੰ ਮਾਮੂਲੀ ਸਮਝਿਆ।

ਗਿੱਲ ਨੇ ਮੰਨਿਆਂ ਕਿ ਉਨ੍ਹਾਂ ਵਿਅਕਤੀਆਂ ਦਾ ਪੰਜਾਬ ਪੁਲਿਸ ਦੁਆਰਾ ਅਪਹਰਣ ਕੀਤਾ ਗਿਆ ਸੀ ਅਤੇ ਉਸ ਨੂੰ ਉਨ੍ਹਾਂ ਦੇ ਖੁਰਾ-ਖੋਜ ਬਾਰੇ ਬਿਲਕੁਲ ਪਤਾ ਨਹੀਂ ਸੀ ਕਿ ਕੀ ਉਹ ਜਿਉਂਦੇ ਹਨ ਜਾਂ ਮਾਰੇ ਗਏ ਹਨ ਅਤੇ ਆਪਣੇ ਇਸ ਵਿਸ਼ਵਾਸ ਦਾ ਐਲਾਨ ਕਰਦੇ ਰਹੇ ਕਿ ਕਾਨੂੰਨ ਆਪਣੀ ਕਾਰਵਾਈ ਕਰਦਾ ਰਹੇਗਾ ਅਤੇ ਕਸੂਰਵਾਰ ਨੂੰ ਪਕੜਿਆ ਜਾਵੇਗਾ ਅਤੇ ਅਦਾਲਤ ਉਸ ਨੂੰ ਸਜ਼ਾ ਦੇਵੇਗੀ।

ਅਦਾਲਤ ਨੇ ਟਿੱਪਣੀ ਕੀਤੀ ਕਿ "ਅਜਿਹਾ ਨਹੀਂ ਹੋ ਸਕੇਗਾ ਜੇਕਰ ਮਾਮਲੇ ਨੂੰ ਪੰਜਾਬ ਪੁਲਿਸ ਤੇ ਛੱਡ ਦਿੱਤਾ ਗਿਆ।" "ਅਸੀਂ ਇਸ ਗਲੋਂ ਹੈਰਾਨ ਹਾਂ ਕਿ ਕੀ ਪੰਜਾਬ ਵਿਚ ਥਾਣਿਆਂ ਦੇ ਇੰਚਾਰਜ ਇਸ ਤੋਂ ਚੌਕਸ ਨਹੀਂ ਹਨ ਕਿ ਉਨ੍ਹਾਂ ਦੇ ਕਬਜ਼ੇ ਵਿਚ ਅਜਨਬੀ ਲੋਕ ਹਨ ਅਤੇ ਉਹ ਇਹ ਪਤਾ ਲਗਾਉਣ ਦੀ ਜ਼ਰੂਰਤ ਮਹਿਸੂਸ ਨਹੀਂ ਕਰਦੇ ਕਿ ਉਹ ਅਜਨਬੀ ਇਥੇ ਕਿਵੇਂ ਆਏ।"

19 ਅਕਤੂਬਰ, 1991 ਨੂੰ ਡੀ ਐਸ ਪੀ ਬਲਦੇਵ ਦਿੰਘ ਦੀ ਅਗਵਾਈ ਹੇਠ ਇਕ ਪੁਲਿਸ ਪਾਰਟੀ ਨੇ ਪਿੰਡ ਕਥੂਨੰਗਲ, ਤਹਿਸੀਲ ਮਜੀਠਾ, ਜ਼ਿਲ੍ਹਾ ਅੰਮ੍ਰਿਤਸਰ ਵਿਚ ਇੰਦਰ ਸਿੰਘ ਦੇ ਘਰ ਛਾਪਾ ਮਾਰਿਆ ਅਤੇ ਉਹ ਘਰ ਵਿਚੋਂ ਮਿਲੇ ਸਾਰੇ ਸੱਤ ਵਿਅਕਤੀਆਂ ਨੂੰ ਚੁੱਕ ਕੇ ਲੈ ਗਏ। ਗਾਇਬ ਹੋਏ ਸੱਤ ਵਿਅਕਤੀ, ਜਿਨ੍ਹਾਂ ਦੀ ਉਮਰ 85 ਅਤੇ 14 ਸਾਲ ਦੇ ਵਿਚਕਾਰ ਸੀ, ਸਾਧੂ ਸਿੰਘ, ਗੁਰਦੀਪ ਸਿੰਘ, ਅਮਰਜੀਤ ਸਿੰਘ, ਹਰਦੇਵ ਸਿੰਘ, ਦਵਿੰਦਰ ਸਿੰਘ, ਸੁਖਦੇਵ ਸਿੰਘ ਅਤੇ ਸ਼ਰਨਜੀਤ ਸਿੰਘ ਸਨ। ਉਨ੍ਹਾਂ ਨੂੰ ਵੱਖ-ਵੱਖ ਥਾਣਿਆਂ ਵਿਚ ਰਖਿਆ ਗਿਆ ਪ੍ਰੰਤੂ ਉਨ੍ਹਾਂ ਵਿਚੋਂ ਕਿਸੇ ਵਿਰੁੱਧ ਕੋਈ ਕੇਸ ਦਰਜ ਨਹੀਂ ਕੀਤਾ ਗਿਆ ਸੀ। ਇੰਦਰ ਸਿੰਘ ਨੇ ਜੁਲਾਈ, 1994 ਵਿਚ ਸੁਪਰੀਮ ਕੋਰਟ ਵਿਚ ਇਕ ਦੋਸ਼ੀ ਨੂੰ ਅਦਾਲਤ ਵਿਚ ਪੇਸ਼ ਕਰਨ (ਹੈਬੀਅਸ-ਕਾਰਪਸ) ਪੈਟੀਸ਼ਨ ਦਾਇਰ ਕਰ ਦਿੱਤੀ। ਉਸ ਉਪ੍ਰੰਤ ਪੁਲਿਸ ਨੇ ਛੇ ਕਰਮਚਾਰੀਆਂ ਸਮੇਤ ਡੀ ਐਸ ਪੀ ਨੂੰ ਗ੍ਰਿਫਤਾਰ ਕਰ ਲਿਆ। ਬਲਦੇਵ ਸਿੰਘ ਨੇ ਮੰਨਿਆਂ ਕਿ ਉਸ ਨੇ ਇੰਦਰ ਸਿੰਘ ਦੇ ਪਿਤਾ ਅਤੇ ਉਸਦੇ ਭਰਾਵਾਂ ਨੂੰ ਚੁੱਕਿਆ ਹੈ ਕਿਉਂਕਿ ਉਸ ਨੂੰ ਵਿਸ਼ਵਾਸ ਸੀ ਕਿ ਉਸ ਦੇ ਭਰਾ ਨੂੰ ਇੰਦਰ ਸਿੰਘ ਨੇ ਅਗਵਾ ਕਰਵਾਇਆ ਹੈ।

ਅਦਾਲਤ ਨੇ ਨੋਟ ਕੀਤਾ ਕਿ ਨਾ ਹੀ ਪੰਜਾਬ ਸਰਕਾਰ ਨੇ ਅਤੇ ਨਾ ਹੀ ਗਿੱਲ ਨੇ ਦਾਅਵਾ ਕੀਤਾ ਕਿ ਪ੍ਰਸਿੱਧ ਥਾਣਿਆਂ ਦੇ ਇੰਚਾਰਜ ਜਾਂ ਪੁਲਿਸ ਕਰਮਚਾਰੀਆਂ ਦਾ ਆਚਰਣ ਮੁਜਰਮਾਨਾ ਸੀ ਅਤੇ ਅਦਾਲਤ "ਇਸ ਲਈ ਮਿਸਟਰ ਗਿੱਲ ਦੇ ਦਾਅਵੇ ਤੋਂ ਪ੍ਰਭਾਵਿਤ ਨਹੀਂ ਹੋਈ ਕਿ ਇਸ ਕਿਸਮ ਦੀਆਂ ਵਾਰਦਾਤਾਂ ਪੁਲਿਸ ਬਲ ਦੇ ਕਰਮਚਾਰੀਆਂ ਵਲੋਂ ਕੁਰਾਹੇ ਪੈ ਕੇ ਕੀਤੀਆਂ ਜਾਂਦੀਆਂ ਹਨ।"

ਪ੍ਰੰਤੂ ਸੁਪਰੀਮ ਕੋਰਟ ਕਈ ਹੋਰ ਗਲਾਂ ਤੋਂ ਪ੍ਰਭਾਵਿਤ ਨਹੀਂ ਹੋਈ। ਦੋ

ਸਾਲਾਂ ਬਾਅਦ ਪੰਜਾਬ ਪੁਲਿਸ ਦੀ ਇਕ ਪਾਰਟੀ ਆਪਣੇ ਸ਼ਿਕਾਰ ਦੇ ਪਿੱਛੇ ਕਲਕੱਤਾ ਗਈ ਅਤੇ ਉਸ ਨੇ ਉਸ ਵਿਅਕਤੀ ਅਤੇ ਉਸ ਦੀ ਪਤਨੀ ਨੂੰ ਗੋਲੀ ਮਾਰ ਦਿੱਤੀ। ਚੀਫ ਜਸਟਿਸ ਏ.ਐਮ. ਅਹਿਮਦੀ ਨੇ "ਉਸ ਢੰਗ ਜਿਸ ਵਿਚ ਤਿਲਜਲਾ ਘਟਨਾ ਵਾਪਰੀ ਅਤੇ ਜਿਸ ਪੱਥਰਦਿਲੀ ਨਾਲ ਪੰਜਾਬ ਸਰਕਾਰ ਦੇ ਅਧਿਕਾਰੀਆਂ ਨੇ ਪੱਛਮੀ ਬੰਗਾਲ ਦੇ ਮੁੱਖ ਸਕੱਤਰ ਨਾਲ ਵਿਵਹਾਰ ਕੀਤਾ, ਤੇ ਦੁੱਖ ਜ਼ਾਹਰ ਕੀਤਾ। ਇਹ ਹੋਰ ਵੀ ਦੁੱਖ ਵਾਲੀ ਗਲ ਇਹ ਹੈ ਕਿ ਪੰਜਾਬ ਸਰਕਾਰ ਦੇ ਅਧੀਨ ਸਕੱਤਰ, ਮਿਸਟਰ ਕਰਨੈਲ ਚੰਦ ਬੰਗਾ ਨੇ ਇਕ ਹਲਫੀਆ ਬਿਆਨ ਦਾਇਰ ਕੀਤਾ ਜਿਸ ਵਿਚ ਉਸ ਨੇ ਗੁਮਰਾਹ ਕੀਤਾ ਕਿ ਸੰਗਰੂਰ ਦੀ ਪੁਲਿਸ ਨੂੰ ਪੰਜਾਬ ਪੁਲਿਸ ਦੁਆਰਾ ਕਥਿਤ ਮਾਰੇ ਗਏ ਜੋੜੇ ਦੇ ਪਿਛੋਕੜ ਅਤੇ ਥਾਂ-ਟਿਕਾਣੇ ਦਾ ਪਤਾ ਨਹੀਂ ਸੀ।"

ਤਿਲਜਲਾ ਵਿਖੇ ਜੋ ਕੁਝ ਵਾਪਰਿਆ ਉਹ ਪੰਜਾਬ ਦੇ ਇਤਿਹਾਸ ਵਿਚ ਅਜੀਬ ਗਲ ਨਹੀਂ ਹੈ, ਪ੍ਰੰਤੂ ਇਹ ਘਟਨਾ ਇਸ ਕਰਕੇ ਅਜੀਬ ਹੈ ਕਿਉਂਕਿ ਇਹ ਉਨ੍ਹਾਂ ਕੁਝ ਇਕ ਮੌਕਿਆਂ ਵਿਚੋਂ ਇਕ ਹੈ ਜਦੋਂ ਨਾ ਕੇਵਲ ਪੁਲਿਸ ਬਲਕਿ ਪੰਜਾਬ ਸਰਕਾਰ ਹੀ ਦੋਸ਼ੀ ਦੇ ਕਟਹਿਰੇ ਵਿਚ ਖੜੋ ਗਈ।

17 ਮਈ, 1993 ਦੀ ਰਾਤ ਨੂੰ ਪੰਜਾਬ ਪੁਲਿਸ ਦੀ ਇਕ ਬਿਨਾਂ-ਵਰਦੀ ਪਾਰਟੀ ਨੇ, ਬਿਨਾਂ ਨੰਬਰ ਵਾਲੀਆਂ 3 ਜੀਪਾਂ ਵਿਚ ਸਫਰ ਕਰਦਿਆਂ, ਬਸ਼ੀਰ ਮੁਹੰਮਦ ਉਰਫ ਲਕਸ਼ਮਨ ਸਿੰਘ, ਸਾਬਕਾ ਪੁਲਿਸ ਕਾਂਸਟੇਬਲ ਅਤੇ ਉਸਦੀ ਪਤਨੀ ਸਾਲੀਮਾ ਬੇਗਮ ਨੂੰ ਉਨ੍ਹਾਂ ਦੇ ਘਰੋਂ ਚੁੱਕ ਲਿਆ। ਉਹ ਇਕ ਫਲੈਟ ਵਿਚ ਵੜ ਗਏ ਅਤੇ ਸੁੱਤੇ ਪਏ ਇਸ ਜੋੜੇ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਅਤੇ ਆਪਣੀਆਂ ਗੱਡੀਆਂ ਵਿਚ ਲਾਸ਼ਾਂ ਨੂੰ ਸੁੱਟ ਕੇ ਰਾਜ ਛੱਡਣ ਦੇ ਇਰਾਦੇ ਨਾਲ ਦੌੜ ਗਏ। ਕਲਕੱਤਾ ਪੁਲਿਸ ਅਤੇ ਸਥਾਨਕ ਲੋਕਾਂ ਨੇ ਉਨ੍ਹਾਂ ਦਾ ਪਿੱਛਾ ਕੀਤਾ ਅਤੇ ਤੇਜ਼ ਜਾ ਰਹੀਆਂ ਜੀਪਾਂ ਨੂੰ ਰੁਕਣ ਲਈ ਮਜਬੂਰ ਕਰ ਦਿੱਤਾ। ਪੰਜਾਬ ਪੁਲਿਸ ਨੂੰ ਕਲਕੱਤੇ ਵਿਚ ਜੇਲ੍ਹ ਅੰਦਰ ਬੰਦ ਕਰ ਦਿੱਤਾ ਗਿਆ। ਪੰਜਾਬ ਦੇ ਮੁੱਖ ਮੰਤਰੀ ਬੇਅੰਤ ਸਿੰਘ ਨੇ ਪੱਛਮੀ ਬੰਗਾਲ ਦੇ ਮੁੱਖ ਮੰਤਰੀ ਨਾਲ ਉਨ੍ਹਾਂ ਵਲੋਂ ਦਖਲ-ਅੰਦਾਜ਼ੀ ਕਰਕੇ ਉਨ੍ਹਾਂ ਨੂੰ ਰਿਹਾ ਕਰਵਾਇਆ।

ਪ੍ਰੰਤੂ ਕਦੇ ਕਦੇ ਵਾਪਰੀਆਂ ਅਜਿਹੀਆਂ ਸਬਕ ਸਿਖਾਊ ਵਾਰਦਾਤਾਂ ਨੇ ਪੁਲਿਸ ਲਈ ਗੈਰ-ਨਿਆਂਇਕ ਹੱਤਿਆਵਾਂ ਦੇ ਚਾਅ ਨੂੰ ਘੱਟ ਨਹੀਂ ਕੀਤਾ। ਦਰਅਸਲ, ਪੁਲਿਸ ਚਾਹੇ ਅਜਿਹੀ ਕਿਸਮ ਦੀ ਕਾਰਵਾਈ ਨਾ ਕਰਨ ਬਾਰੇ ਇਕ ਵਾਰ ਜਿੰਨਾ ਮਰਜ਼ੀ ਮਹਿਸੂਸ ਕਰ ਲਵੇ ਪ੍ਰੰਤੂ ਇਸ ਦਾ ਉਸ ਤੇ ਅਸਰ ਨਹੀਂ ਰਹਿੰਦਾ। ਪੰਜਾਬ ਵਿਚੋਂ ਸਿੱਖੇ ਸਬਕ ਹੁਣ ਕਸ਼ਮੀਰ ਵਿਚ ਲਾਗੂ ਕੀਤੇ ਜਾ ਰਹੇ ਹਨ। ਅਪ੍ਰੈਲ, 1995 ਵਿਚ ਕਸ਼ਮੀਰ ਦੇ ਡੀ ਜੀ ਪੀ, ਬੀ.ਐਸ. ਬੇਦੀ ਨੇ **ਟਾਈਮਜ਼ ਆਫ ਇੰਡੀਆ** ਦੇ ਪੱਤਰਕਾਰ ਨੂੰ ਦੱਸਿਆ ਕਿ ਰਾਜ ਵਿਚ ਖਾੜਕੂਆਂ ਨਾਲ ਜੂਝਣ ਨਾਲ ਉਸ ਦੇ ਕਰਮਚਾਰੀ ਅੰਤਰ-ਰਾਸ਼ਟਰੀ ਸਰਹੱਦ ਪਾਰ ਕਰਨ ਦੀ ਕੋਸ਼ਿਸ਼ ਕਰਨ ਵਾਲੇ ਲੋਕਾਂ ਨੂੰ ਪਕੜਨ ਦੀ ਪਰਵਾਹ ਨਹੀਂ

ਕਰਨਗੇ, ਉਹ ਪੁੱਛਣਗੇ ਬਾਅਦ ਵਿਚ ਪਹਿਲਾਂ ਸਿੱਧੇ ਉਨ੍ਹਾਂ ਨੂੰ ਗੋਲੀ ਮਾਰਨਗੇ।

ਸੁਪਰੀਮ ਕੋਰਟ ਦੇ ਪੁਲਿਸ ਦੀ ਨਿਖੇਧੀ ਕਰਨ ਅਤੇ ਸੀਨੀਅਰ ਪੁਲਿਸ ਅਫਸਰਾਂ ਨੂੰ ਜੇਲ੍ਹਾਂ ਵਿਚ ਬੰਦ ਕਰਨ ਦੇ ਫੈਸਲਿਆਂ ਨਾਲ ਪੁਲਿਸ ਵਿਚ ਡਰ ਦਾ ਵਾਤਾਵਰਣ ਛਾ ਗਿਆ।

28 ਅਪ੍ਰੈਲ, 1995 ਨੂੰ **ਇੰਡੀਅਨ ਐਕਸਪ੍ਰੈਸ** ਅਖਬਾਰ ਨੇ ਖਬਰ ਛਾਪੀ ਕਿ ਆਈ ਜੀ (ਸਰਹੱਦੀ) ਡੀ.ਆਰ. ਭੱਟੀ, ਤਿੰਨ ਡੀ.ਆਈ.ਜੀ. ਅਤੇ ਘੱਟ ਤੋਂ ਘੱਟ 16 ਜ਼ਿਲ੍ਹਾ ਪੁਲਿਸ ਕਪਤਾਨਾਂ ਸਮੇਤ ਸੀਨੀਅਰ ਪੁਲਿਸ ਅਫਸਰਾਂ ਦਾ ਇਕ ਗਰੁੱਪ ਪੰਜਾਬ ਦੇ ਮੁੱਖ ਮੰਤਰੀ ਨੂੰ ਇਹ ਕਹਿਣ ਲਈ ਮਿਲਿਆ ਕਿ ਉਹ ਪ੍ਰਧਾਨ ਮੰਤਰੀ ਨੂੰ ਇਹ ਬੇਨਤੀ ਕਰਨ ਲਈ ਪਹੁੰਚ ਕਰਨ ਕਿ ਪੁਲਿਸ ਨੂੰ ਕੁਝ ਕਾਰਜਕਾਰੀ ਕਾਰਵਾਈਆਂ ਬਦਲੇ "ਸ਼ਿਕਾਰ ਨਾ ਬਣਾਇਆ ਜਾਵੇ" (ਗੈਰ-ਨਿਆਂਇਕ ਹੱਤਿਆਵਾਂ ਲਈ ਨਰਮ ਭਾਸ਼ਾ ਦੀ ਵਰਤੋਂ ਕਰਨਾ)। ਉਨ੍ਹਾਂ ਨੇ ਪੁਆਇੰਟ ਆਊਟ ਕੀਤਾ ਕਿ ਜੋ ਕੁਝ ਵੀ ਉਨ੍ਹਾਂ ਨੇ ਕੀਤਾ ਹੈ, ਉਹ ਉੱਚ ਪੱਧਰ ਤੇ ਮਨਜ਼ੂਰ ਕੀਤਾ ਗਿਆ ਅਤੇ ਉਹ ਰਾਜ ਵਿਚ ਆਮ ਵਰਗੇ ਹਾਲਾਤ ਬਹਾਲ ਕਰਨ ਵਿਚ ਸਫਲ ਹੋਏ ਹਨ। ਉਨ੍ਹਾਂ ਨੇ ਕਿਹਾ ਕਿ ਅਦਾਲਤ ਦੇ ਫੈਸਲੇ ਪੁਲਿਸ ਦੀ ਹੌਂਸਲਾ-ਢਾਈ ਕਰ ਰਹੇ ਹਨ।

ਥੋੜ੍ਹੇ ਦਿਨਾਂ ਬਾਅਦ ਜਦੋਂ ਪ੍ਰਧਾਨ ਮੰਤਰੀ ਨਰਸਿਮਾ ਰਾਓ ਸ਼ਿਮਲੇ ਤੋਂ ਵਾਪਸ ਜਾ ਰਹੇ ਸਨ, ਤਾਂ ਪੰਜਾਬ ਅਤੇ ਹਰਿਆਣਾ ਦੇ ਦੋਵੇਂ ਮੁੱਖ ਮੰਤਰੀ ਉਨ੍ਹਾਂ ਨੂੰ ਚੰਡੀਗੜ੍ਹ ਹਵਾਈ ਅੱਡੇ ਤੇ ਮਿਲੇ ਅਤੇ ਉਨ੍ਹਾਂ ਨੇ ਪੁਲਿਸ ਦੀ ਸੁਰੱਖਿਆ ਦੀ ਵਕਾਲਤ ਕੀਤੀ।

**ਹਿੰਦੋਸਤਾਨ ਟਾਈਮਜ਼** ਅਖਬਾਰ ਨੇ 25 ਮਈ, 1995 ਨੂੰ ਇਕ ਖਬਰ ਛਾਪੀ, ਜਿਸ ਵਿਚ ਪੁਲਿਸ ਦੇ ਸੀਨੀਅਰ ਅਫਸਰਾਂ ਦਾ ਇਹ ਕਹਿੰਦਿਆਂ ਹਵਾਲਾ ਦਿੱਤਾ ਗਿਆ : "ਗੋਲੀ ਬਦਲੇ ਗੋਲੀ ਦੀ ਪੁਲਿਸ ਦੀ ਨੀਤੀ ਬਾਰੇ ਰਾਜਨੀਤਕ ਮੋਹਰੀਆਂ ਨੂੰ ਚੰਗੀ ਤਰ੍ਹਾਂ ਪਤਾ ਸੀ ਕਿ ਬਹੁਤ ਸਾਰੇ ਅੱਤਵਾਦੀ ਪਹਿਲਾਂ ਹੀ ਪੁਲਿਸ ਦੀ ਹਿਰਾਸਤ ਵਿਚ ਸਨ ਅਤੇ ਉਹ ਪੁਲਿਸ ਦੇ ਗਿਣੇ-ਮਿੱਥੇ ਮੁਕਾਬਲਿਆਂ ਵਿਚ ਮਾਰ ਦਿੱਤੇ ਗਏ ਸਨ। ਇਸ ਦੌਰਾਨ ਪੁਲਿਸ ਕਰਮਚਾਰੀਆਂ ਹੱਥੋਂ ਕੁਝ ਭੋਲੇ ਭਾਲੇ ਲੋਕ ਵੀ ਮਾਰੇ ਗਏ ਹੋਣਗੇ।"

ਪੁਲਿਸ ਦੇ ਇਕ ਹੋਰ ਅਫਸਰ ਦਾ ਇਹ ਕਹਿੰਦਿਆਂ ਹਵਾਲਾ ਦਿੱਤਾ ਗਿਆ ਜਿਸ ਨੇ ਕਿਹਾ ਕਿ "ਜੋ ਕੁਝ ਕੀਤਾ ਹੈ ਡੱਟ ਕੇ ਕੀਤਾ ਹੈ" ਅਤੇ ਜੇਕਰ ਹੁਣ ਉਨ੍ਹਾਂ ਨੂੰ ਸੁਪਰੀਮ ਕੋਰਟ ਦੁਆਰਾ ਕੋਲਿਆਂ ਦੀ ਭੱਠੀ ਵਿਚ ਝੋਕਿਆ ਜਾ ਰਿਹਾ ਹੈ ਤਾਂ ਉਹ "ਭਵਿੱਖ ਵਿਚ ਅੱਤਵਾਦ ਵਿਰੁੱਧ ਨਹੀਂ ਜੁਝਣਗੇ।" ਪੁਲਿਸ ਅਫਸਰਾਂ ਨੇ ਮਹਿਸੂਸ ਕੀਤਾ ਕਿ ਉਨ੍ਹਾਂ ਨੂੰ ਅੱਤਵਾਦ ਦਾ ਖਾਤਮਾ ਕਰਨ ਲਈ ਵਰਤੋਂ ਕਰਨ ਤੋਂ ਬਾਅਦ ਉਨ੍ਹਾਂ ਨੂੰ ਸਰਕਾਰ ਦੁਆਰਾ ਬਿਪਤਾ ਵਿਚ ਪਾਇਆ ਜਾ ਰਿਹਾ ਹੈ। ਇਹ ਬਹੁਤ ਹੀ ਅਫਸੋਸ ਦੀ ਗਲ ਹੈ ਕਿ ਪੁਲਿਸ ਅਫਸਰਾਂ ਨੇ ਆਪਣੇ ਆਪਣੇ ਧਰਮਾਂ ਤੋਂ ਸਿਖਿਆ ਨਹੀਂ ਲਈ ਕਿ :

"ਆਪਣੇ ਸ਼ਾਸਕਾਂ ਤੇ ਵਿਸ਼ਵਾਸ ਨਾ ਕਰੋ।"

1988 ਅਤੇ 1989 ਤਕ, ਸਿੱਖ ਕੌਮ ਤੇ ਬੜੀ ਬੇ-ਰਹਿਮੀ ਨਾਲ ਜ਼ੁਲਮ ਕੀਤਾ ਗਿਆ ਸੀ; ਇਸ ਸਮੇਂ ਦੌਰਾਨ 15 ਤੋਂ ਲੈ ਕੇ 50 ਸਾਲਾਂ ਦੇ ਵਿਅਕਤੀਆਂ ਤੇ ਬਹੁਤ ਅਤਿਆਚਾਰ ਕੀਤਾ ਗਿਆ ਸੀ। ਇਸ ਉਮਰ ਦੇ ਲੋਕ ਆਮ ਤੌਰ ਤੇ ਲੁਕ-ਛਿਪ ਕੇ ਰਹਿੰਦੇ ਸਨ। ਇਸ ਔਖੀ ਘੜੀ ਵਿਚ, ਅਕਾਲੀ ਨੇਤਾ ਜਿਹੜੇ ਕਿ ਉਸ ਸਮੇਂ ਅਜੇ ਸੁਰੱਖਿਅਤ ਸਨ - ਨੌਜਵਾਨਾਂ ਦੇ ਅੰਨ੍ਹੇ-ਵਾਹ ਕਤਲੇਆਮ ਨੂੰ ਰੋਕਣ ਲਈ ਕੋਈ ਵਿਉਂਤ ਬਣਾਉਣ ਲਈ ਅੰਮ੍ਰਿਤਸਰ ਵਿਚ ਦਰਬਾਰ ਸਾਹਿਬ ਵਿਖੇ ਮਹੀਨੇ ਵਿਚ ਇਕ ਵਾਰੀ ਇਕੱਠੇ ਹੁੰਦੇ ਸਨ।

ਉਦੋਂ ਇਕ ਮੀਟਿੰਗ ਵਿਚ, ਜੱਥੇਦਾਰ ਜਗਦੇਵ ਸਿੰਘ ਖੁੱਡੀਆਂ ਜਿਹੜੇ ਮੇਰੇ ਨਾਲ ਬੈਠੇ ਸਨ, ਨੇ ਮੁਗਲ ਬਾਦਸ਼ਾਹ ਔਰੰਗਜ਼ੇਬ ਦੁਆਰਾ ਕਸ਼ਮੀਰੀ ਹਿੰਦੂਆਂ ਨੂੰ ਜ਼ਬਰੀ ਇਸਲਾਮ ਕਬੂਲ ਕਰਨ ਅਤੇ ਉਨ੍ਹਾਂ ਦੀਆਂ ਹੱਤਿਆਵਾਂ ਨੂੰ ਠਲ੍ਹ ਪਾਉਣ ਲਈ ਨੌਂਵੇਂ ਗੁਰੂ ਤੇਗ ਬਹਾਦਰ ਸਾਹਿਬ ਦੁਆਰਾ ਅਪਣਾਈ ਗਈ ਯੁੱਧ-ਨੀਤੀ ਨੂੰ ਯਾਦ ਕਰਵਾਇਆ। ਇਹ ਕੁਰਬਾਨੀ ਅਹਿੰਸਾ ਦਾ ਮੁਕਾਬਲਾ ਕਰਨਾ ਸੀ; ਗੁਰੂ ਸਾਹਿਬ ਨੇ ਐਲਾਨ ਕੀਤਾ ਸੀ ਕਿ ਸਭ ਤੋਂ ਉੱਚੇ ਅਹੁਦੇ ਵਾਲਾ ਵਿਅਕਤੀ ਆਪਣੀ ਜਿੰਦ ਕੁਰਬਾਨ ਕਰੇਗਾ; ਕੇਵਲ ਤਾਂ ਹੀ ਜ਼ੁਲਮ ਤੋਂ ਰਾਹਤ ਮਿਲ ਸਕਦੀ ਹੈ। ਜੱਥੇਦਾਰ ਖੁੱਡੀਆਂ ਨੇ ਇਕ ਤੋਂ ਬਾਅਦ ਇਕ ਸੀਨੀਅਰ ਨੇਤਾਵਾਂ ਦੁਆਰਾ ਮਰਨ ਵਰਤ ਰੱਖਣ ਦਾ ਸੁਝਾਅ ਦਿੱਤਾ।ਇਸ ਨਾਲ ਪੰਜਾਬ ਵਿਚ ਹੋ ਰਹੀ ਨਸਲਕੁਸ਼ੀ ਵਲ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਧਿਆਨ ਖਿੱਚਿਆ ਜਾਵੇਗਾ ਅਤੇ ਇਸ ਨਾਲ ਕੇਂਦਰ ਦੇ ਸਿੱਖਾਂ ਪ੍ਰਤਿ ਜ਼ੁਲਮ ਨੂੰ ਢਾਅ ਲਗੇਗੀ। ਉਨ੍ਹਾਂ ਨੇ ਬੇਨਤੀ ਕੀਤੀ ਕਿ ਸਿੱਖ ਸੰਗਤ ਨੇ ਮੈਨੂੰ ਇਸ ਮੰਤਵ ਲਈ ਪਹਿਲਾ ਮੌਕਾ ਦੇਣ ਦਾ ਮਾਨ ਬਖ਼ਸ਼ਿਆ ਹੈ।

ਇਹ ਇਕ ਬੜਾ ਲਾਭਦਾਇਕ ਅਤੇ ਸਿਆਣਪਵਾਲਾ ਸੁਝਾਅ ਸੀ। ਪ੍ਰੰਤੂ ਬਦਕਿਸਮਤੀ ਨਾਲ ਜੱਥੇਦਾਰ ਖੁੱਡੀਆਂ ਦੀ ਭੇਦ-ਭਰੇ ਹਾਲਾਤ ਵਿਚ ਮੌਤ ਹੋ ਗਈ (ਵੇਖੋ ਪੰਨਾ-.....) ਅਤੇ ਅਕਾਲੀ ਨੇਤਾਵਾਂ ਨੇ ਉਨ੍ਹਾਂ ਦੇ ਇਸ ਸੁਝਾਅ ਨੂੰ ਲਾਗੂ ਨਹੀਂ ਕੀਤਾ।

## ਹਿਰਾਸਤੀ ਹੱਤਿਆਵਾਂ

ਕਿਉਂਕਿ ਪੁਲਿਸ ਨੂੰ ਇਸ ਬਾਰੇ ਕਈ ਸਾਲਾਂ ਦਾ "ਤਜ਼ਰਬਾ" ਹੋ ਗਿਆ ਸੀ, ਅਤੇ ਉਨ੍ਹਾਂ ਨੇ ਹਿਰਾਸਤੀ ਮੌਤਾਂ ਬਾਰੇ ਸਪੱਸ਼ਟੀਕਰਣ ਦੇਣ ਦੇ ਨਵੇਂ ਨਵੇਂ ਤਰੀਕੇ ਲੱਭ ਲਏ। ਇਹ ਹੱਤਿਆਵਾਂ ਕਰਨਾ ਅਸਾਨ, ਕਾਤਲਾਨਾ ਤੌਰ ਤੇ ਅਸਰਦਾਇਕ ਸਨ ਅਤੇ ਸੁਰੱਖਿਆ ਬਲਾਂ ਨੂੰ ਕੋਈ ਜੋਖਮ ਵੀ ਨਹੀਂ ਉਠਾਣਾ ਪੈਂਦਾ। "ਜਦੋਂ ਕਿਸੇ ਵੱਡੇ ਖਾੜਕੂ ਦੀ ਹੱਤਿਆ ਕੀਤੀ ਜਾਂਦੀ ਹੈ ਤਾਂ ਸੀਨੀਅਰ ਅੱਤਵਾਦੀ, ਜਦੋਂ ਪਕੜੇ ਜਾਂਦੇ ਸਨ ਤਾਂ ਉਨ੍ਹਾਂ ਦੀ ਇਕਸਾਰ ਹੱਤਿਆ ਕੀਤੀ ਜਾਂਦੀ ਸੀ - ਸਰਕਾਰ ਨੇ ਇਸ ਨੂੰ ਮੁਕਾਬਲੇ ਦੀ ਬਜਾਏ ਬਚ

ਕੇ ਨਿਕਲਣਾ ਦੱਸਣ ਨੂੰ ਤਰਜੀਹ ਦਿੱਤੀ।" ਨਾਰਾਇਣਨ ਨੇ **ਟਰਾਈਸਟ ਵਿਦ ਟੈਰਰ** ਵਿਚ ਲਿਖਿਆ।

"ਬਚ ਕੇ ਨਿਕਲਣਾ" ਲੰਮਾ ਸਮਾਂ ਇਕ ਆਮ ਅਖਾਣ ਰਿਹਾ, ਅਤੇ ਇਸ ਅਖਾਣ ਵਿਚ ਕੁਝ ਹੋਰ ਸ਼ਾਮਲ ਕੀਤਾ ਗਿਆ ਸੀ "ਬਚ ਨਿਕਲਣ ਦੀ ਕੋਸ਼ਿਸ਼ ਕਰਦਿਆਂ ਹੱਤਿਆ", "ਆਹਮੋ-ਸਾਹਮਣੇ ਗੋਲੀ ਚਲਾਉਣਾ", "ਸਾਈਨਾਈਡ ਦੁਆਰਾ ਮੌਤ", "ਮੁਕਾਬਲਾ", "ਦੂਜੇ ਖਾੜਕੂਆਂ ਦੁਆਰਾ ਮਾਰ ਦਿੱਤਾ ਗਿਆ", "ਅਣ-ਪਛਾਤਾ ਖਾੜਕੂ ਮਰਿਆ ਲੱਭਾ", ਅਤੇ "ਉਸ ਸਮੇਂ ਮਾਰਿਆ ਗਿਆ ਜਦੋਂ ਕਿਸੇ ਵਿਅਕਤੀ ਨੂੰ ਮਨੁੱਖੀ ਓਟ ਲਈ ਵਰਤਿਆ ਗਿਆ"। ਇਨ੍ਹਾਂ ਵਿਚੋਂ ਦਰਅਸਲ ਬਹੁਤ ਸਾਰੀਆਂ ਹੱਤਿਆਵਾਂ ਸਰਕਾਰੀ ਮਦਦ ਨਾਲ ਕੀਤੀਆਂ ਗਈਆਂ ਸਨ। ਹਿਰਾਸਤ ਵਿਚ ਰੱਖ ਕੇ ਕੀਤੀਆਂ ਗਈਆਂ ਹੱਤਿਆਵਾਂ ਦੇ ਦਸਤਾਵੇਜ਼ੀ ਸਬੂਤ ਇਸ ਪ੍ਰਕਾਰ ਹਨ :-

*"ਹਿਰਾਸਤ ਵਿਚੋਂ ਭੱਜ ਨਿਕਲਿਆ"*

ਹਿਰਾਸਤੀ ਮੌਤਾਂ ਬਾਰੇ ਇਹ ਆਮ ਕਿਹਾ ਜਾਂਦਾ ਸੀ; ਇਸ ਵਿਚ ਮਾਮੂਲੀ ਕਾਰਵਾਈ ਸ਼ਾਮਲ ਹੈ : ਗ੍ਰਿਫਤਾਰ ਕਰੋ, ਮਾਰ ਦਿਓ ਕਿ ਬੰਦਾ ਭੱਜ ਕੇ ਨਿਕਲ ਗਿਆ ਹੈ। ਜਦੋਂ ਦਿਨ ਦੇ ਇੱਕੋ ਸਮੇਂ ਅਤੇ ਬਿਲਕੁਲ ਉਸੇ ਥਾਂ ਤੋਂ ਕਈ ਲੋਕਾਂ ਨੂੰ ਭੱਜ ਕੇ ਨਿਕਲਿਆ ਦਿਖਾਇਆ ਗਿਆ, ਤਾਂ ਲੋਕ ਇਹ ਕਹਿਣ ਲਗ ਪਏ : ਕਿ ਇਸ ਤਰ੍ਹਾਂ ਭੱਜ ਕੇ ਨਿਕਲ ਜਾਣ ਦੀ ਕੀ ਵਿਆਖਿਆ ਕੀਤੀ ਜਾ ਸਕਦੀ ਹੈ? ਪੁਲਿਸ ਏਨੀ ਭੋਲੀ-ਭਾਲੀ ਜਾਂ ਬੁੱਧੂ ਕਿਵੇਂ ਹੋ ਸਕਦੀ ਹੈ?

1985 ਤੋਂ 1993 ਤਕ ਦੀਆਂ ਅਖਬਾਰਾਂ ਨੇ ਲਗਭਗ ਰੋਜ਼ਾਨਾ ਅਜਿਹੀਆਂ "ਬੱਚ ਨਿਕਲਣ" ਦੀਆਂ ਖਬਰਾਂ ਦਿੱਤੀਆਂ। 3 ਜਨਵਰੀ, 1987 ਨੂੰ, ਇਕ ਖਬਰ ਛਪੀ ਕਿ ਮਨਜੀਤ ਸਿੰਘ ਭਿੰਦੀ, ਜਦੋਂ ਉਸਨੂੰ ਪੁਲਿਸ ਨੇ ਹਾਜਤ ਕਰਨ ਦੀ ਆਗਿਆ ਦਿੱਤੀ, ਬਿਆਸ ਪੁਲ ਤੋਂ ਭੱਜ ਕੇ ਨਿਕਲ ਗਿਆ। ਉਸ ਤੋਂ ਕੁਲ ਦੋ ਦਿਨ ਪਹਿਲਾਂ ਰੋਸ਼ਨ ਲਾਲ ਬੈਰਾਗੀ, ਜਿਸ ਨੂੰ ਦਿੱਲੀ ਤੋਂ ਅੰਮ੍ਰਿਤਸਰ ਲਿਜਾਇਆ ਜਾ ਰਿਹਾ ਸੀ, ਜਦੋਂ ਉਸ ਨੂੰ ਉਸੇ ਕੰਮ ਲਈ ਪੁਲਿਸ ਨੇ ਆਪਣੀ ਗੱਡੀ ਵਿਚੋਂ ਬਾਹਰ ਜਾਣ ਦੀ ਇਜਾਜ਼ਤ ਦਿੱਤੀ, ਉਸੇ ਬਿਆਸ ਪੁਲ ਤੋਂ ਭੱਜ ਕੇ ਨਿਕਲ ਗਿਆ ਦਿਖਾਇਆ ਗਿਆ ਸੀ।

*"ਭੱਜ ਕੇ ਨਿਕਲ ਜਾਣ ਦੀ ਕੋਸ਼ਿਸ਼ ਕਰਦਿਆਂ ਮਾਰਿਆ"*

ਹੱਤਿਆ ਕਰਨ ਦਾ ਇਹ ਢੰਗ "ਹਿਰਾਸਤ ਤੋਂ ਭੱਜ ਕੇ ਨਿਕਲਣਾ" ਨਾਲੋਂ ਵੱਖਰਾ ਹੈ। ਇਸ ਵਿਚ ਆਪਣਾ ਸ਼ਿਕਾਰ ਬਣਾਏ ਵਿਅਕਤੀ ਦੀ ਲਾਸ਼ ਨੂੰ ਖੁਰਦ-ਬੁਰਦ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਜਾਂਦੀ। ਇਸ ਦੀ ਮਿਸਾਲ ਲਈ ਇਕ ਕੇਸ (ਪ੍ਰੰਤੂ ਅਜਿਹਾ ਜਿਸ ਵਿਚ ਕੈਦੀਆਂ ਨੂੰ ਹਵਾਲੇ ਕਰਦੇ ਸਮੇਂ

ਆਪਣੀ ਨੀਤੀ ਨੂੰ ਬਦਲਣ ਲਈ ਕੋਸ਼ਿਸ਼ ਕੀਤੀ ਗਈ) 19 ਅਪ੍ਰੈਲ, 1992 ਦੇ '**ਸੰਡੇ ਮੇਲ**' ਵਿਚ ਛਪਿਆ ਸੀ।

ਉਸ ਅਖਬਾਰ ਨੇ ਲਿਖਿਆ : "ਰਿਪੋਰਟਾਂ ਮੁਤਾਬਕ 20 ਮਾਰਚ, 1992 ਨੂੰ ਪੁਲਿਸ ਦੀ ਇਕ ਪਾਰਟੀ ਦੋ ਗੱਡੀਆਂ ਵਿਚ ਪੰਜਾਬ ਤੋਂ ਸ੍ਰੀ ਗੰਗਾਨਗਰ ਪੁੱਜੀ ਅਤੇ ਉਸ ਨੇ ਉਥੋਂ ਦੀ ਪੁਲਿਸ ਦੁਆਰਾ ਕੁਝ ਹਫਤੇ ਪਹਿਲਾਂ ਰਾਏ ਸਿੰਘ ਨਗਰ-ਕਰਨਪੁਰਾ ਬੈਲਟ ਤੋਂ ਗ੍ਰਿਫਤਾਰ ਕੀਤੇ ਗਏ ਚਾਰ ਵਿਅਕਤੀਆਂ ਨੂੰ ਆਪਣੇ ਹਵਾਲੇ ਕਰਨ ਦੀ ਬੇਨਤੀ ਕੀਤੀ। ਪੁਲਿਸ ਨੇ ਬਹਾਨਾ ਇਹ ਬਣਾਇਆ ਕਿ ਇਨ੍ਹਾਂ ਵਿਰੁੱਧ ਅਪਹਰਣ ਦੇ ਦੋਸ਼ ਹਨ। ਉਨ੍ਹਾਂ ਦੀ ਬੇਨਤੀ ਜਲਦੀ ਮੰਨ ਲਈ ਗਈ ਅਤੇ ਪੁਲਿਸ ਪੰਜਾਬ ਨੂੰ ਚਲ ਪਈ। ਉਸੇ ਹੀ ਸ਼ਾਮ, ਰਾਜਸਥਾਨ ਪੁਲਿਸ ਨੂੰ ਸੂਚਿਤ ਕੀਤਾ ਗਿਆ ਕਿ "ਅੱਤਵਾਦੀਆਂ ਨੇ ਅਬੋਹਰ ਨੇੜਿਓਂ ਨੱਠ ਕੇ ਨਿਕਲਣ ਦੀ ਕੋਸ਼ਿਸ਼ ਕੀਤੀ" ਅਤੇ ਆਹਮੋ-ਸਾਹਮਣੇ ਗੋਲੀ ਚਲਾਉਣ ਨਾਲ ਉਨ੍ਹਾਂ ਵਿਚੋਂ ਤਿੰਨ ਮਾਰੇ ਗਏ, ਚੌਥੇ ਬਾਰੇ ਕਿਹਾ ਗਿਆ ਕਿ ਉਸ ਨੇ ਸਾਈਨਾਈਡ ਖਾ ਲਿਆ।

"ਜੈਪੁਰ ਵਿਚ ਸਪੈਸ਼ਲ ਬ੍ਰਾਂਚ ਦੇ ਸੂਤਰਾਂ ਨੇ ਦਸਿਆ ਕਿ 'ਪਿਛਲੇ ਇਕ ਸਾਲ ਵਿਚ ਘੱਟੋ-ਘੱਟ ਅਜਿਹੀਆਂ ਅੱਠ ਮੌਤਾਂ ਹੋਈਆਂ ਸਨ'। ਸਭ ਤੋਂ ਪਹਿਲਾਂ ਨਿਰਵੈਰ ਸਿੰਘ ਮਾਰਿਆ ਸੀ। ਉਸ ਨੂੰ ਸ੍ਰੀਗੰਗਾਨਗਰ ਤੋਂ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਪਿਛਲੀ ਅਗਸਤ ਨੂੰ ਪੁਲਿਸ ਦੇ ਹਵਾਲੇ ਕੀਤਾ ਗਿਆ ਸੀ। (ਨਿਰਵੈਰ ਨੂੰ ਪੰਜਾਬ ਅੰਦਰ ਦਾਖਲ ਹੋਣ ਤੋਂ ਕੁਝ ਮਿੰਟਾਂ ਬਾਅਦ ਹੀ ਨੱਠ ਕੇ ਨਿਕਲਣ ਦੀ ਕੋਸ਼ਿਸ਼ ਕਰਦਿਆਂ ਮਾਰ ਦਿੱਤਾ ਗਿਆ)"।

"ਪੰਜਾਬ ਦੇ ਮਾਮਲਿਆਂ ਦੀ ਪੈਰਵੀ ਕਰਨ ਵਾਲੇ ਇਕ ਇੰਟੈਲੀਜੈਂਸੀ ਕਰਮਚਾਰੀ ਨੇ ਮੰਨਿਆਂ ਕਿ ਰਾਜ ਦੀ ਪੁਲਿਸ ਨੂੰ 'ਮੁਕਾਬਲਾ ਬਣਾਉਣ ਬਾਰੇ ਪਤਾ' ਸੀ ਜਿਸ ਨੂੰ ਝੂਠਾ ਮੁਕਾਬਲਾ ਕਿਹਾ ਜਾ ਸਕਦਾ ਸੀ। ਪਹਿਲਾਂ ਲੋਕਾਂ ਨੂੰ ਗੁੰਮ ਕੀਤਾ ਜਾਂਦਾ ਸੀ ਅਤੇ ਸ਼ੱਕ ਸਪੱਸ਼ਟ ਤੌਰ ਤੇ ਪੁਲਿਸ ਤੇ ਕੀਤਾ ਜਾਂਦਾ ਸੀ। ਹੁਣ ਅਜਿਹਾ ਨਹੀਂ ਹੈ। ਪੁਲਿਸ ਪਾਸ ਪੰਜਾਬ ਵਿਚ ਗੋਲੀ ਦੁਆਰਾ ਹਰੇਕ ਮੌਤ ਲਈ ਸਪੱਸ਼ਟੀਕਰਨ ਹੈ - ਮੁਕਾਬਲਾ ਜਾਂ ਆਹਮੋ-ਸਾਹਮਣੇ ਗੋਲੀਆਂ ਚਲਾਉਣਾ। ਉਹ ਮੌਤਾਂ ਦਾ ਰਿਕਾਰਡ ਵੀ ਰਖਦੇ ਹਨ ਅਤੇ ਮੁਆਇਨੇ ਲਈ ਪੋਸਟ-ਮਾਰਟਮ ਦੀਆਂ ਰਿਪੋਰਟਾਂ ਵੀ ਤਿਆਰ-ਬਰ-ਤਿਆਰ ਰੱਖਦੇ ਹਨ।" 20 ਮਾਰਚ, 1992 ਦੀ ਘਟਨਾ ਦਾ ਅਸਰ ਇਹ ਹੋਇਆ ਕਿ ਰਾਜਸਥਾਨ ਸਰਕਾਰ ਨੇ ਫੈਸਲਾ ਕੀਤਾ ਕਿ ਉਨ੍ਹਾਂ ਦੇ ਰਾਜ ਦੇ ਖੇਤਰ ਅੰਦਰ ਗ੍ਰਿਫਤਾਰ ਕੀਤੇ ਗਏ ਕਿਸੇ ਹੋਰ ਅੱਤਵਾਦੀਆਂ ਨੂੰ ਤਦ ਤਕ ਪੰਜਾਬ ਪੁਲਿਸ ਦੇ ਹਵਾਲੇ ਨਾ ਕੀਤਾ ਜਾਵੇ ਜਦ ਤਕ ਹਿੰਸਾ ਦੀਆਂ ਵਾਰਦਾਤਾਂ ਵਿਚ ਉਨ੍ਹਾਂ ਦੀ ਸ਼ਮੂਲੀਅਤ ਸਿੱਧ ਨਹੀਂ ਹੋ ਜਾਂਦੀ। ਸਰਕਾਰ "ਨੂੰ ਪਤਾ ਲਗਾ ਕਿ ਕਈ ਅਜਿਹੇ ਅੱਤਵਾਦੀ ਜਿਨ੍ਹਾਂ ਵਿਚੋਂ ਕੁਝ ਅੱਤਵਾਦੀ ਕਾਰਵਾਈਆਂ ਵਿਚ ਮਾਮੂਲੀ ਜਿਹਾ ਹਿੱਸਾ ਲੈਂਦੇ ਸਨ, ਪੰਜਾਬ ਪੁਲਿਸ ਐਸਕਾਰਟ ਅਧੀਨ ਰਾਜਸਥਾਨ

ਸਰਹਦ ਪਾਰ ਕਰਦਿਆਂ ਹੀ ਮੁਕਾਬਲਿਆਂ ਵਿਚ ਮਾਰ ਦਿੱਤੇ ਦਿਖਾਏ ਗਏ ਸਨ।" ਪਿਛਲੇ ਕੁਝ ਸਾਲਾਂ ਦੌਰਾਨ ਉਨ੍ਹਾਂ ਨੇ ਬਿਨਾਂ ਕਿਸੇ ਅਫਸਰਸ਼ਾਹੀ ਦੇਰੀ ਦੇ 200 ਕਥਿਤ ਅੱਤਵਾਦੀਆਂ ਨੂੰ ਹਵਾਲੇ ਕੀਤਾ ਸੀ। ਕੁਝ ਕੇਸਾਂ ਵਿਚ ਤਾਂ ਪੰਜਾਬ ਪੁਲਿਸ ਨੇ ਬਿਨਾਂ ਕੋਈ ਵਰੰਟ ਪ੍ਰਾਪਤ ਕੀਤਿਆਂ ਲੋਕਾਂ ਨੂੰ ਹਿਰਾਸਤ ਵਿਚ ਰੱਖਿਆ ਸੀ।

*"ਆਪਸੀ ਗੋਲੀ-ਬਾਰੀ ਵਿਚ ਹੱਤਿਆ"*

ਪੁਲਿਸ ਇਹ ਦਾਅਵਾ ਕਰਦੀ ਹੈ ਕਿ ਅੱਤਵਾਦੀ ਨੂੰ ਜਦੋਂ ਹਥਿਆਰ ਬਰਾਮਦ ਕਰਨ ਲਈ ਲਿਜਾਇਆ ਜਾ ਰਿਹਾ ਹੁੰਦਾ ਹੈ, ਅੱਤਵਾਦੀਆਂ ਵਲੋਂ ਪੁਲਿਸ ਦੀ ਗੱਡੀ ਤੇ ਗੋਲੀ ਚਲਾਈ ਜਾਂਦੀ ਹੈ, ਇਸ ਦੌਰਾਨ ਕੈਦੀ ਮਰ ਗਿਆ। ਸੁਰੱਖਿਆ ਬਲਾਂ ਦਾ ਕਦੀ ਕੋਈ ਕਰਮਚਾਰੀ ਨਹੀਂ ਮਰਦਾ। ਐਮ ਏ ਐਸ ਆਰ ਦੁਆਰਾ ਆਪਣੇ ਪੱਤਰ ਮਿਤੀ 15 ਅਕਤੂਬਰ, 1992 ਵਿਚ ਤਿੰਨ ਮਹੀਨਿਆਂ (ਅਕਤੂਬਰ, ਨਵੰਬਰ ਅਤੇ ਦਸੰਬਰ, 1992) ਦੇ ਅੰਦਰ ਅਜਿਹੀਆ ਚਾਲੀ ਮੌਤਾਂ ਪ੍ਰਧਾਨ ਮੰਤਰੀ ਦੇ ਧਿਆਨ ਵਿਚ ਲਿਆਂਦੀਆਂ ਗਈਆਂ ਸਨ।

24 ਅਪ੍ਰੈਲ, 1988 ਦੇ ਆਬਜ਼ਰਵਰ ਵਿਚ ਰਿਪੋਰਟ ਕੀਤੀ ਗਈ : "ਇਹ ਬਰਾਮਦਗੀਆਂ ਅਤੇ ਉਨ੍ਹਾਂ ਦੇ ਇਹ ਐਲਾਨ ਅਕਸਰ ਦਿੱਤੇ ਜਾਂਦੇ ਸਨ। 8 ਅਪ੍ਰੈਲ ਨੂੰ ਇਕ ਡਿਪਟੀ ਇੰਸਪੈਕਟਰ ਜਰਨਲ ਨੇ ਕਿਹਾ ਕਿ ਇਕ ਕਮਰੇ ਵਿਚੋਂ 8 ਏ ਕੇ-47 ਰਾਈਫਲਾਂ ਮਿਲੀਆਂ। ਇਕ ਪੁਲਿਸ ਵਾਲੇ ਨੇ ਵਿਚੋਂ ਟੋਕ ਦਿੱਤਾ ਅਤੇ ਕਿਹਾ ਕਿ ਇਹ ਉਨ੍ਹਾਂ ਅੱਤਵਾਦੀਆਂ ਦੇ ਬੈਗਾਂ ਵਿਚੋਂ ਪਕੜੀਆਂ ਸਨ ਜਿਹੜੇ ਪਾਕਿਸਤਾਨ ਤੋਂ ਭਾਰਤ ਆਉਣ ਲਈ ਸਰਹਦ ਪਾਰ ਕਰ ਰਹੇ ਸਨ। ਇਹ ਅੱਤਵਾਦੀ ਕਦੋਂ ਪਕੜੇ ਗਏ ਸਨ? ਪਿਛਲੀ ਰਾਤ, 9 ਵਜੇ'। ਬਰਾਮਦੀ ਬਾਰੇ ਐਲਾਨ ਕਰਨ ਲਈ ਪ੍ਰੈਸ ਕਾਨਫਰੰਸ ਇਕ ਦਿਨ ਪਹਿਲਾਂ 7.30 ਵਜੇ ਰਾਤ ਨੂੰ ਬੁਲਾਈ ਗਈ ਸੀ।"

18 ਮਈ, 1992 ਨੂੰ '**ਦਿ ਹਿੰਦੂ**' ਨੇ ਇਕ ਆਰਟੀਕਲ ਛਾਪਿਆ ਕਿ ਜਿਸ ਦੀ ਸੁਰਖੀ ਸੀ "ਐਨਕਾਊਂਟਰਜ਼ ਮੇਡ ਟੂ ਆਰਡਰ"। ਇਸ ਲੇਖ ਵਿਚ ਮੁਕਾਬਲਿਆਂ ਅਤੇ ਨੱਠ ਕੇ ਨਿਕਲ ਜਾਣ ਸਬੰਧੀ ਪੁਲਿਸ ਦੇ ਪੱਖ ਤੇ ਸ਼ੱਕ ਜ਼ਾਹਿਰ ਕੀਤਾ ਗਿਆ ਸੀ :

ਇਸ ਵਿਚ ਇਹ ਸੁਆਲ ਉਠਾਇਆ ਗਿਆ : "ਕੀ ਇਹ ਹੈਰਾਨੀਕੁਨ ਗਲ ਨਹੀਂ ਹੈ ਕਿ ਅੱਤਵਾਦੀ ਅਜਿਹੇ ਹਾਲਾਤ ਕਿਉਂ ਪੈਦਾ ਕਰਦੇ ਹਨ ਜਿਨ੍ਹਾਂ ਵਿਚ ਕਿ ਉਹ ਕੇਵਲ ਆਪਣੇ ਸਾਥੀਆਂ ਨੂੰ ਹੀ ਮਾਰਦੇ ਹਨ? .... ਇਸ ਤੋਂ ਇਲਾਵਾ,ਹਾਲਾਂ ਕਿ ਜਦ ਹੋਰ ਮੁਕਾਬਲਿਆਂ ਵਿਚ ਬਹੁਤ ਸਾਰੇ ਪੁਲਿਸ ਵਾਲੇ ਮਾਰੇ ਜਾ ਰਹੇ ਹਨ, ਇਨ੍ਹਾਂ ਕੇਸਾਂ ਵਿਚ ਕੋਈ ਪੁਲਿਸ ਵਾਲਾ ਜ਼ਖਮੀ ਵੀ ਨਹੀਂ ਹੋਇਆ। ਇਸ ਤੋਂ ਇਲਾਵਾ, ਇਕ ਸਾਫ ਪ੍ਰਸ਼ਨ ਇਹ ਹੈ ਕਿ ਕੈਦ ਕੀਤੇ

ਗਏ ਅੱਤਵਾਦੀਆਂ ਦੇ ਸਾਥੀਆਂ ਨੂੰ ਇਹ ਕਿਵੇਂ ਪਤਾ ਲਗਦਾ ਹੈ ਕਿ ਪੁਲਿਸ ਉਨ੍ਹਾਂ ਨੂੰ ਕਦੋਂ ਅਤੇ ਕਿਥੇ 'ਹਥਿਆਰ ਬਰਾਮਦ ਕਰਨ' ਲਈ ਲੈ ਜਾ ਰਹੀ ਹੈ?

ਇਕ ਸਥਾਨਕ ਵਕੀਲ ਨੇ ਕਿਹਾ ਕਿ ਖਾੜਕੂਆਂ ਨੂੰ ਆਪਣੇ ਸਾਥੀਆਂ ਦੀਆਂ ਜ਼ਿੰਦਗੀਆਂ ਦੀ ਕੀਮਤ ਦਾ ਬਹੁਤ ਚੰਗੀ ਤਰ੍ਹਾਂ ਪਤਾ ਹੈ ਅਤੇ ਉਨ੍ਹਾਂ ਦੇ ਬਚਾਅ ਦੀ ਕਾਰਵਾਈ ਉਦੋਂ ਤਕ ਨਹੀਂ ਕਰਦੇ ਜਦ ਤਕ ਉਨ੍ਹਾਂ ਨੂੰ ਉਸ ਵਿਚ ਸਫ਼ਲਤਾ ਦਾ ਨਿਸ਼ਚਾ ਨਾ ਹੋਵੇ। ਕੁਝ ਮਹੀਨੇ ਪਹਿਲਾਂ, ਉਦਾਹਰਣ ਦੇ ਤੌਰ ਤੇ, ਉਨ੍ਹਾਂ ਨੇ ਆਪਣੇ ਇਕ ਸਾਥੀ ਨੂੰ ਚੰਡੀਗੜ੍ਹ ਪੁਲਿਸ ਦੀ ਹਿਰਾਸਤ ਵਿਚੋਂ ਉਸ ਦੇ ਨਾਲ ਜਾ ਰਹੇ ਇਕ ਪੁਲਿਸ ਦੇ ਸਿਪਾਹੀ ਨੂੰ ਗੋਲੀ ਮਾਰਨ ਤੋਂ ਬਾਅਦ ਛੁਡਵਾਇਆਂ। ਕੁਝ ਸਾਲ ਪਹਿਲਾਂ ਉਨ੍ਹਾਂ ਨੇ ਭਾਈ ਅਨੋਖ ਸਿੰਘ, ਬੱਬਰ ਖਾਲਸਾ ਇੰਟਰਨੈਸ਼ਨਲ ਦੇ ਇਕ ਚੋਟੀ ਦੇ ਨੇਤਾ ਨੂੰ ਪੁਲਿਸ ਦੀ ਹਿਰਾਸਤ ਵਿਚੋਂ ਉਸ ਸਮੇਂ ਬਚਾਇਆਂ ਜਦੋਂ ਉਸ ਨੂੰ ਲੁਧਿਆਣਾ ਵਿਖੇ ਇਕ ਅਦਾਲਤ ਵਿਚ ਪੇਸ਼ ਕਰਨ ਲਈ ਲਿਜਾਇਆ ਜਾ ਰਿਹਾ ਸੀ।

ਇਕ ਹੋਰ ਨੁਕਤਾ ਜਿਸਦਾ ਅੰਕੜਿਆਂ ਤੋਂ ਪਤਾ ਲਗਦਾ ਹੈ ਉਹ ਇਹ ਹੈ ਕਿ 'ਮੁਕਾਬਲੇ' ਪਿਛਲੇ ਸਾਲ ਅਕਤੂਬਰ ਤੋਂ ਬਰਾਬਰ ਵਧ ਰਹੇ ਸਨ ਪ੍ਰੰਤੂ ਇਨ੍ਹਾਂ ਦੀ ਗਿਣਤੀ ਸਿਰਫ ਇਸ ਸਾਲ ਜਨਵਰੀ ਅਤੇ ਫਰਵਰੀ ਵਿਚ ਘਟੀ ਅਤੇ ਇਹ ਮਾਰਚ ਅਤੇ ਅਪ੍ਰੈਲ ਵਿਚ ਫਿਰ ਵੱਧ ਗਈ।...

ਇਕ ਪੱਤਰਕਾਰ ਨੇ ਪੰਜਾਬ ਪੁਲਿਸ ਦੇ ਮੁੱਖੀ ਮਿਸਟਰ ਕੇ.ਪੀ.ਐਸ. ਗਿੱਲ ਨੂੰ ਪਿਛਲੇ ਹਫ਼ਤੇ ਦੌਰਾਨ 'ਮੁਕਾਬਲਿਆਂ' ਬਾਰੇ ਦੋ ਵਾਰੀ ਪੁੱਛਿਆ। ਮਿਸਟਰ ਗਿੱਲ ਨੇ ਮਾਮਲੇ ਦੀ ਪੜਤਾਲ ਕਰਨ ਲਈ ਸਮਾਂ ਮੰਗਿਆ ਪ੍ਰੰਤੂ ਉਸ ਨੇ ਜਦੋਂ ਉਸ ਨਾਲ ਉੱਤਰ ਦੇਣ ਲਈ ਦੁਬਾਰਾ ਸੰਪਰਕ ਕੀਤਾ, ਤਾਂ ਕੋਈ ਨਿਸ਼ਚਿਤ ਉੱਤਰ ਨਹੀਂ ਮਿਲਿਆ। ਲੇਕਿਨ, ਹੋਰ ਪੁਲਿਸ ਅਫਸਰਾਂ ਨੇ ਕਿਹਾ ਕਿ ਪੁਲਿਸ ਨੂੰ ਖਾੜਕੂਆਂ ਵਿਰੁੱਧ 'ਵਿਸ਼ੇਸ਼ ਕਾਰਵਾਈ' ਦਾ ਸਹਾਰਾ ਲੈਣਾ ਪਿਆ ਹੈ ਕਿਉਂਕਿ ਉਨ੍ਹਾਂ ਨੂੰ ਕਾਨੂੰਨੀ ਸਾਧਨਾਂ ਰਾਹੀਂ ਦੋਸ਼ੀ ਠਹਿਰਾਉਣਾ ਬੜਾ ਮੁਸ਼ਕਲ ਹੈ। ਸਾਡਾ ਇਹ ਤਜਰਬਾ ਰਿਹਾ ਹੈ ਕਿ ਬਹੁਤ ਘੱਟ ਲੋਕ ਖਾੜਕੂਆਂ ਵਿਰੁੱਧ ਗਵਾਹੀ ਦੇਣ ਲਈ ਅੱਗੇ ਆਉਂਦੇ ਹਨ ਜਿਸ ਕਰਕੇ ਉਹ ਆਸਾਨੀ ਨਾਲ ਬਚ ਜਾਂਦੇ ਹਨ।

ਇਸ ਤੋਂ ਇਲਾਵਾ ਪੁਲਿਸ ਵਾਲੇ ਇਹ ਵੀ ਕਹਿੰਦੇ ਹਨ ਕਿ ਪੰਜਾਬ ਵਿਚ ਘਰੇਲੂ ਜੰਗ ਵਰਗੀ ਸਥਿਤੀ ਪੈਦਾ ਹੋ ਗਈ ਹੈ ਇਸ ਕਰਕੇ ਪੁਲਿਸ ਨੂੰ ਯੁਧ ਉਪਾਓ ਕਰਨ, ਆਕ੍ਰਮਣ ਕਰਨ ਅਤੇ ਉਹ ਸਾਰੇ ਮਿਲਟਰੀ ਸਾਧਨਾਂ ਜਿਹੜੇ ਕੌਮੀ ਏਕਤਾ ਨੂੰ ਸਿੱਧੀ ਚੁਣੌਤੀ ਨੂੰ ਨਿਸਫਲ ਕਰਨ ਲਈ ਲੋੜੀਂਦੇ ਹੋਣ, ਦੀ ਆਗਿਆ ਦਿੱਤੀ ਜਾਣੀ ਚਾਹੀਦੀ ਹੈ। ਸ਼ਾਇਦ ਇਹ ਇਨ੍ਹਾਂ ਕਾਰਣਾਂ ਕਰਕੇ ਹੈ ਕਿ ਪੁਲਿਸ ਮੁੱਖੀ 8 ਦਸੰਬਰ, 1991 ਨੂੰ ਪ੍ਰੈਸ ਨੂੰ ਦੱਸਣ ਲਈ ਮਜਬੂਰ ਸਨ: "ਪੰਜਾਬ ਵਿਚ ਕੱਟੜ ਖਾੜਕੂਆਂ ਦੀ ਗਿਣਤੀ 200 ਹੈ। ਦੂਜੇ ਦਰਜੇ ਦੇ ਖਾੜਕੂਆਂ ਦੀ ਗਿਣਤੀ ਲਗਭਗ 2,000 ਹੈ।"

(ਨੋਟ : 24 ਦਸੰਬਰ, 1987 ਨੂੰ ਇਕ ਪ੍ਰੈਸ ਕਾਨਫਰੰਸ ਵਿਚ **ਨਿਊਜ਼ਟੀਮ** ਦੇ ਇਕ ਨਾਮਾਨਿਗਾਰ ਅਭੀਨਵ ਨਈਅਰ ਨੇ ਡੀ ਜੀ ਪੀ ਜੂਲੀਅਸ ਰਿਬੈਰੋ ਨੂੰ ਅੱਤਵਾਦੀਆਂ ਦੀ ਗਿਰਫਤਾਰੀ ਅਤੇ ਪੁਲਿਸ ਹਿਰਾਸਤ ਵਿਚੋਂ ਭੱਜ ਕੇ ਨਿਕਲਣ ਸਬੰਧੀ 13 ਸਵਾਲ ਪੁੱਛੇ। ਉਸ ਨੇ 1 ਜਨਵਰੀ, 1988 ਨੂੰ ਛਪੇ ਆਪਣੇ ਇਕ ਲੇਖ ਵਿਚ ਉਨ੍ਹਾਂ ਪ੍ਰਸ਼ਨਾਂ ਦੀ ਸੂਚੀ ਦਿੱਤੀ ਹੈ ਜੋ ਨਿਮਨ ਅਨੁਸਾਰ ਹੈ:-

1. ਰੋਸ਼ਨ ਲਾਲ ਬੈਰਾਗੀ ਅਤੇ ਮਨਜੀਤ ਸਿੰਘ ਭਿੰਦੀ ਉਸੇ ਹੀ ਥਾਂ ਤੋਂ ਅਤੇ ਇੱਕੋ ਹੀ ਕਾਰਨ ਲਈ 48 ਘੰਟਿਆਂ ਦੇ ਅੰਦਰ-ਅੰਦਰ ਕਿਵੇਂ ਬਚ ਨਿਕਲੇ?

2. ਸੀ ਆਰ ਪੀ ਐਫ ਐਸਕਾਰਟ ਗੱਡੀ ਉਸ ਥਾਂ ਤੇ ਕਿਉਂ ਮੌਜੂਦ ਨਹੀਂ ਸੀ ਜਿਥੋਂ ਕਿਹਾ ਗਿਆ ਹੈ ਕਿ ਹਰਜਿੰਦਰ ਸਿੰਘ ਜਿੰਦਾ ਬਚ ਕੇ ਨਿਕਲ ਗਿਆ ਸੀ ਅਤੇ ਪੁਲਿਸ ਨੇ ਅੱਤਵਾਦੀਆਂ ਦਾ ਮੁਕਾਬਲਾ ਕਿਉਂ ਨਹੀਂ ਕੀਤਾ ਜਦੋਂ ਉਨ੍ਹਾਂ ਨੇ ਸੀ ਆਰ ਪੀ ਐਫ ਦੀ ਗੱਡੀ ਨੂੰ ਘਾਤ ਲਗਾਈ ਹੋਈ ਸੀ?

3. ਅਗਰ ਸਚਮੁਚ ਹੀ ਰੋਸ਼ਨ ਲਾਲ ਬੈਰਾਗੀ ਅਤੇ ਮਨਜੀਤ ਸਿੰਘ ਭਿੰਦੀ ਪੁਲਿਸ ਹਿਰਾਸਤ ਵਿਚੋਂ ਭੱਜ ਗਏ ਸਨ, ਜਿਵੇਂ ਪੁਲਿਸ ਦੁਆਰਾ ਦਾਅਵਾ ਕੀਤਾ ਗਿਆ ਹੈ, ਤਾਂ ਪੰਜਾਬ ਪੁਲਿਸ ਵਿਭਾਗ ਦੁਆਰਾ ਤਿਆਰ ਕੀਤੀ ਗਈ ਮਾਰੇ ਗਏ ਅੱਤਵਾਦੀਆਂ ਦੀ ਸੂਚੀ ਵਿਚ ਉਨ੍ਹਾਂ ਦੇ ਨਾਂ ਸ਼ਾਮਲ ਕਿਉਂ ਸਨ ਜਦ ਕਿ ਉਨ੍ਹਾਂ ਦੇ ਨਾਂ ਕਦੀ ਵੀ ਕਿਸੇ ਮੁਕਾਬਲੇ ਵਿਚ ਹੋਈਆਂ ਹੱਤਿਆਵਾਂ ਵਿਚ ਵਿਖਾਈ ਨਹੀਂ ਦਿੱਤੇ?

4. ਉਸ ਜਾਂਚ-ਪੜਤਾਲ ਦਾ ਕੀ ਬਣਿਆ ਜਿਹੜੀ ਸੁਰਜੀਤ ਸਿੰਘ ਬਰਨਾਲਾ ਨੇ ਬੈਰਾਗੀ ਅਤੇ ਭਿੰਦੀ ਦੇ ਅਖੌਤੀ ਬਚ ਕੇ ਨਿਕਲ ਜਾਣ ਦੀ ਜਾਂਚ ਕਰਨ ਲਈ ਮਿਸਟਰ ਰਿਬੈਰੋ ਨੂੰ ਸੌਂਪੀ ਸੀ?

5. ਇਹ ਕਿਵੇਂ ਸੰਭਵ ਹੈ ਕਿ ਲਗਭਗ ਸਾਰੇ ਸ਼ੱਕੀ ਅੱਤਵਾਦੀ ਹੱਥਕੜੀ ਲਗਿਆਂ ਭੱਜ ਨਿਕਲੇ?

6. ਉਹ ਸਾਰੇ ਸ਼ੱਕੀ ਅੱਤਵਾਦੀ ਆਪਣੀ ਜੁਗਤ ਜਾਂ ਆਪਣੇ ਜੋਟੀਦਾਰਾਂ ਦੀ ਬਹਾਦਰੀ ਕਾਰਨ ਨਾਲ ਬਚ ਕੇ ਨਿਕਲ ਗਏ, ਉਹ ਉੱਚ ਸ਼੍ਰੇਣੀ ਦੇ ਅੱਤਵਾਦੀ ਕਿਵੇਂ ਹਨ ਅਤੇ ਉਨ੍ਹਾਂ ਵਿਰੁੱਧ ਭਾਰੇ ਇਨਾਮ ਰੱਖੇ ਗਏ ਹਨ?

7. ਪੁਲਿਸ ਅਵਤਾਰ ਸਿੰਘ ਪਹਿਲਵਾਨ, ਰਾਣਾ ਪ੍ਰਤਾਪ ਸਿੰਘ ਅਤੇ ਸਤਨਾਮ ਸਿੰਘ ਬਾਵਾ ਆਦਿ ਪਾਸੋਂ ਹਥਿਆਰ ਬਰਾਮਦ ਕਰਨ ਬਾਰੇ ਕਿਵੇਂ ਸੋਚ ਸਕਦੀ ਹੈ ਜਦੋਂ ਕਿ ਉਹ ਬਹੁਤ ਸਮੇਂ ਤੋਂ ਪੁਲਿਸ ਹਿਰਾਸਤ ਵਿਚ ਸਨ?

8. ਪੁਲਿਸ ਨੇ ਰੋਸ਼ਨ ਲਾਲ ਬੈਰਾਗੀ ਅਤੇ ਮਨਜੀਤ ਸਿੰਘ ਭਿੰਦੀ ਦੇ ਭੱਜ ਕੇ ਨਿਕਲ ਜਾਣ ਦੇ ਮੱਦੇ-ਨਜ਼ਰ ਅਵਤਾਰ ਸਿੰਘ ਪਹਿਲਵਾਨ,

ਹਰਜਿੰਦਰ ਸਿੰਘ ਜਿੰਦਾ, ਮਨਬੀਰ ਸਿੰਘ ਚਹੇੜੂ, ਅਰੂੜ ਸਿੰਘ, ਤਰਸੇਮ ਲਾਲ ਕੋਹਾੜ, ਸੁਖਦੇਵ ਸਿੰਘ ਕੋਟਨੌਲਵੀ ਅਤੇ ਸਤਨਾਮ ਸਿੰਘ ਬਾਵਾ ਦੁਆਰਾ ਬਚ ਨਿਕਲਣ ਦੀ ਸੰਭਾਵਨਾ ਤੋਂ ਬਚਣ ਲਈ ਕੋਈ ਢੁੱਕਵੀਂ ਕਾਰਵਾਈ ਕਿਉਂ ਨਹੀਂ ਕੀਤੀ?

9. ਅਵਤਾਰ ਸਿੰਘ ਪਹਿਲਵਾਨ ਨੂੰ ਪਹਿਲਾਂ ਕਿਵੇਂ ਪਤਾ ਸੀ ਕਿ ਪੁਲਿਸ ਉਸ ਨੂੰ ਝੂਠੇ ਮੁਕਾਬਲੇ ਵਿਚ ਖਤਮ ਕਰਨ ਦੀ ਯੋਜਨਾ ਬਣਾ ਰਹੀ ਹੈ ਜਿਵੇਂ ਉਸਨੇ ਆਪਣੀ ਨਜ਼ਰਬੰਦੀ ਦੌਰਾਨ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਦਾਇਰ ਕੀਤੀ ਉਸ ਦੀ ਪੈਟੀਸ਼ਨ ਤੋਂ ਜ਼ਾਹਰ ਹੈ? ਆਪਣੀ ਪੈਟੀਸ਼ਨ ਵਿਚ ਅਵਤਾਰ ਸਿੰਘ ਨੇ ਅਦਾਲਤ ਨੂੰ ਬੇਨਤੀ ਕੀਤੀ ਕਿ ਪੁਲਿਸ ਨੂੰ ਹੁਕਮ ਦਿੱਤਾ ਜਾਵੇ ਕਿ ਉਸ ਨੂੰ ਕੇਵਲ ਹੱਥਕੜੀਆਂ ਅਤੇ ਬੇੜੀਆਂ ਲਗਾ ਕੇ ਹੀ ਜੇਲ੍ਹ ਵਿਚੋਂ ਲਿਜਾਇਆ ਜਾਵੇ।

10. ਇਹ ਕਿਵੇਂ ਹੋ ਸਕਦਾ ਹੈ ਕਿ ਸ਼ੱਕੀ ਅੱਤਵਾਦੀ ਜਾਂ ਤਾਂ ਆਪਣੀ ਨਜ਼ਰਬੰਦੀ ਦੇ ਸਮੇਂ ਤੋਂ ਬਾਅਦ ਜਾਂ ਪੁਲਿਸ ਰਿਮਾਂਡ ਖਤਮ ਹੋਣ ਤੋਂ ਬਾਅਦ ਹੀ ਬਚ ਨਿਕਲਦੇ ਹਨ?

11. ਪੁਲਿਸ ਜਾਂ ਉਨ੍ਹਾਂ ਨੀਮ-ਫੌਜੀ ਬਲਾਂ ਵਿਰੁੱਧ ਕਦੀ ਕੋਈ ਕਾਰਵਾਈ ਕਿਉਂ ਨਹੀਂ ਕੀਤੀ ਗਈ ਜਿਨ੍ਹਾਂ ਦੀ ਹਿਰਾਸਤ ਵਿਚੋਂ ਇਨ੍ਹਾਂ ਅੱਤਵਾਦੀਆਂ ਦੇ ਬਚ ਕੇ ਨਿਕਲ ਜਾਣ ਦਾ ਦਾਅਵਾ ਕੀਤਾ ਜਾਂਦਾ ਹੈ?

12. ਉਹ ਸ਼ੱਕੀ ਅੱਤਵਾਦੀ, ਜਿਹੜੇ ਪੁਲਿਸ ਦੀ ਹਿਰਾਸਤ ਵਿਚੋਂ ਬਚ ਨਿਕਲਦੇ ਹਨ, ਪੰਜਾਬ ਵਿਚ ਜਾਂ ਇਸ ਤੋਂ ਬਾਹਰ ਕਿਸੇ ਅੱਤਵਾਦੀ ਜੁਰਮਾਂ ਵਿਚ ਹਿੱਸਾ ਲੈਂਦੇ ਬਾਅਦ ਵਿਚ ਕਿਉ ਨਹੀਂ ਕਦੀ ਪਾਏ ਜਾਂਦੇ? ਹਾਲਾਂ ਕਿ ਉਨ੍ਹਾਂ ਦੇ ਨਾਂ ਪੁਲਿਸ ਦੁਆਰਾ ਮੁਕਾਬਲਿਆਂ ਵਿਚ ਮਾਰੇ ਗਏ ਅੱਤਵਾਦੀਆਂ ਦੀ ਸੂਚੀ ਵਿਚ ਸ਼ਾਮਲ ਹੁੰਦੇ ਹਨ?

13. ਪੁਲਿਸ ਪਾਰਟੀਆਂ ਹਥਿਆਰ ਬਰਾਮਦ ਕਰਨ ਜਾਂ ਕੋਈ ਜਾਂਚ-ਪੜਤਾਲ ਕਰਨ ਲਈ ਨਜ਼ਰਬੰਦੀ ਅਧੀਨ ਅੱਤਵਾਦੀਆਂ ਨੂੰ ਕੇਵਲ ਦੇਰ ਰਾਤ ਨੂੰ ਜਾਂ ਸਵੇਰੇ ਸਵੱਖਤੇ ਹੀ ਕਿਉਂ ਬਾਹਰ ਕੱਢਦੀਆਂ ਹਨ?

ਰਿਬੈਰੋ ਦੁਆਰਾ ਇਨ੍ਹਾਂ ਪ੍ਰਸ਼ਨਾਂ ਦਾ ਕੇਵਲ ਇੱਕੋ ਇਕ ਸਪੱਸ਼ਟੀਕਰਨ ਇਹੋ ਸੀ ਕਿ "ਕਈ ਕੇਸਾਂ ਵਿਚ ਪੁਲਿਸ ਨੂੰ ਅੱਤਵਾਦੀਆਂ ਦੇ ਭੱਜ ਕੇ ਨਿਕਲਣ ਬਾਰੇ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ।")

*"ਸਾਈਨਾਈਡ ਦੁਆਰਾ ਮੌਤ"*

ਸਿੱਖੀ ਸਿਧਾਂਤਾਂ ਵਿਚ ਆਤਮ-ਹੱਤਿਆ ਦੀ ਕੋਈ ਥਾਂ ਨਹੀਂ ਹੈ। ਲੜਾਈਆਂ ਲੜਨ ਸਮੇਂ ਸਿੱਖ ਸਿਪਾਹੀ ਦੁਸ਼ਮਣ ਦੇ ਹੱਥੋਂ ਮਰਨ ਤੋਂ ਨਹੀਂ ਡਰੇ ਲੇਕਿਨ ਉਨ੍ਹਾਂ ਨੇ ਘਸਮਾਨ ਦੀ ਲੜਾਈ ਵਿਚ ਵੀ ਆਪਣੇ ਆਪ ਨੂੰ ਖ਼ਤਮ ਕਰਨ ਦੀ ਕਦੀ ਪ੍ਰਥਾ ਨਹੀਂ ਪਾਈ।

ਪੰਜਾਬ ਵਿਚੋਂ ਸਾਈਨਾਈਡ ਦੁਆਰਾ ਮੌਤ ਦੇ ਬਹੁਤ ਕੇਸ ਉਨ੍ਹਾਂ ਨਾਲ ਸਬੰਧਤ ਹਨ ਜਿਨ੍ਹਾਂ ਬਾਰੇ ਕਿਹਾ ਗਿਆ ਕਿ ਉਨ੍ਹਾਂ ਨੇ ਪਕੜੇ ਜਾਣ ਤੋਂ ਬਾਅਦ ਜਾਂ ਜਿਹੜੇ ਹਿਰਾਸਤ ਵਿਚ ਸਨ, ਜ਼ਹਿਰ ਖਾ ਲਈ। ਇਹ ਸੋਚਿਆ ਵੀ ਨਹੀਂ ਜਾ ਸਕਦਾ ਕਿ ਜ਼ਿਆਦਾ ਜੋਖਮ ਵਾਲੇ ਖਾੜਕੂਆਂ ਦੀ ਪਕੜੇ ਜਾਣ ਤੇ ਚੰਗੀ ਤਰ੍ਹਾਂ ਤਲਾਸ਼ੀ ਨਾ ਲਈ ਜਾਵੇ ਜਾਂ ਉਨ੍ਹਾਂ ਦੇ ਹਥਿਆਰ ਜ਼ਬਤ ਨਾ ਕੀਤੇ ਜਾਣ। 1992 ਦੀ ਆਖਰੀ ਤਿਮਾਹੀ ਵਿਚ ਸਾਈਨਾਈਡ ਖਾਣ ਦੇ ਕੇਸ ਤੇਜ਼ੀ ਨਾਲ ਵੱਧੇ: ਅਖਬਾਰਾਂ ਨੇ ਨਜ਼ਰਬੰਦੀ ਵਿਚ ਸਾਈਨਾਈਡ ਖਾਣ ਦੇ ਚਾਰ ਕੇਸਾਂ ਅਤੇ ਗਿਰਫਤਾਰੀ ਸਮੇਂ ਕਥਿਤ ਤੌਰ ਤੇ 9 ਕੇਸਾਂ ਵਿਚ ਸਾਈਨਾਈਡ ਨਿਗਲਣ ਦੀ ਖਬਰ ਦਿੱਤੀ। ਇਹ ਆਮ ਵਿਸ਼ਵਾਸ ਕੀਤਾ ਗਿਆ ਕਿ ਅਜਿਹੇ ਕਈ ਕੇਸਾਂ ਵਿਚ ਸਾਈਨਾਈਡ ਜ਼ਬਰਨ ਖੁਆਇਆ ਗਿਆ ਸੀ।

ਇੰਦਰਾ ਗਾਂਧੀ ਦੇ ਕਥਿਤ ਹੱਤਿਆਰਿਆਂ ਵਿਚੋਂ ਇਕ ਬੇਅੰਤ ਸਿੰਘ ਦੀ ਵਿਧਵਾ ਬਿਮਲ ਕੌਰ ਖਾਲਸਾ, ਐਮ ਪੀ ਦੀ ਮੌਤ ਤੋਂ ਭੰਬਲ-ਭੂਸਾ ਪੈਂਦਾ ਹੈ ਜਿਹੜਾ ਮਹੱਤਵਪੂਰਣ ਵਿਅਕਤੀਆਂ ਦੀ ਕਿਸਮਤ ਨੂੰ ਵੀ ਘੇਰਾ ਪਾਉਂਦਾ ਹੈ। ਉਸ ਦੀ ਮੌਤ ਬਾਰੇ ਇਕੋ ਚੀਜ਼ ਨਿਸ਼ਚਿਤ ਹੈ, ਉਹ ਤਰੀਕ : 2 ਸਤੰਬਰ, 1990। ਬਿਮਲ ਕੌਰ ਦੇ ਜਿਹੜੇ ਪੁਲਿਸ ਦੇ ਗਾਰਡ ਸਨ ਉਨ੍ਹਾਂ ਨੂੰ ਜਲਦੀ ਜਲਦੀ ਬਦਲ ਦਿੱਤਾ ਜਾਂਦਾ ਸੀ। ਉਸ ਦੀ ਇਕ ਸੈਕਟਰੀ ਵੀ ਸੀ, ਜਿਸ ਦਾ ਨਾਂ ਇੰਦਰਜੀਤ ਕੌਰ ਸੀ, ਜਿਹੜੀ ਪੰਜਾਬ ਪੁਲਿਸ ਨਾਲ ਸਬੰਧ ਰੱਖਣ ਬਾਰੇ ਮਸ਼ਹੂਰ ਸੀ ਅਤੇ ਜਿਸ ਨੇ ਬਾਅਦ ਵਿਚ ਪੰਜਾਬ ਪੁਲਿਸ ਦੇ ਇਕ ਕਰਮਚਾਰੀ ਨਾਲ ਸ਼ਾਦੀ ਕਰ ਲਈ ਸੀ।

ਪ੍ਰੈਸ ਵਿਚ ਛਪੀਆਂ ਪਹਿਲੀਆਂ ਖਬਰਾਂ ਤੋਂ ਪਤਾ ਲੱਗਾ ਕਿ ਬਿਮਲ ਖਾਲਸਾ ਨੇ ਸਾਈਨਾਈਡ ਖਾ ਲਿਆ। ਕਿਉਂਕਿ ਉਹਦੇ ਦੋ ਬੱਚੇ ਸਨ, ਸ਼ੱਕ ਪੈਦਾ ਹੋ ਗਿਆ ਕਿ ਉਸਨੂੰ ਜ਼ਬਰਦਸਤੀ ਸਾਈਨਾਈਡ ਖੁਆਇਆ ਗਿਆ ਸੀ। ਬਾਅਦ ਵਿਚ ਇਸ ਕਹਾਣੀ ਵਿਚ ਪੁਲਿਸ ਨੇ "ਸੋਧ" ਕਰ ਦਿੱਤੀ ਅਤੇ ਫਿਰ ਇਹ ਕਹਾਣੀ ਘੜੀ ਕਿ ਉਹ ਕਪੜੇ ਧੋਣ ਵਾਲੀ ਮਸ਼ੀਨ ਨਾਲ ਕਪੜੇ ਧੋਂਦਿਆਂ ਬਿਜਲੀ ਦਾ ਕਰੰਟ ਲੱਗਣ ਨਾਲ ਮਰੀ ਸੀ। ਇਕ 13 ਸਾਲ ਦਾ ਨੌਕਰ ਆਮ ਤੌਰ ਤੇ ਇਹ ਕੰਮ ਕਰਦਾ ਹੁੰਦਾ ਸੀ ਪ੍ਰੰਤੂ ਇਹ ਲੜਕਾ ਉਸ ਦੀ ਮੌਤ ਸਮੇਂ ਘਰ ਵਿਚ ਹਾਜ਼ਰ ਨਹੀਂ ਸੀ।

ਉਸਦੇ ਇਕ ਬਹੁਤ ਨਜ਼ਦੀਕੀ ਰਿਸ਼ਤੇਦਾਰ ਨੇ ਪੋਸਟ-ਮਾਰਟਮ ਕਰਵਾਉਣ ਦੀ ਮੰਗ ਕੀਤੀ ਜਿਹੜਾ ਆਮ ਹਾਲਾਤ ਅਧੀਨ ਵੀ ਬੇਨਤੀ ਕਰਨ ਤੇ ਪੁਲਿਸ ਨੂੰ ਕਰਵਾਉਣਾ ਪੈਂਦਾ ਹੈ ਪ੍ਰੰਤੂ ਪੁਲਿਸ ਨੇ ਉਸ ਦੀ ਬੇਨਤੀ ਨਾ ਮੰਨੀ।

*ਹਿਰਾਸਤ ਵਿਚ ਮਾਰੇ ਗਏ*

ਪਹਿਲੀ ਗਲ ਜਿਸ ਦਾ ਇਥੇ ਵਰਣਨ ਕਰਨਾ ਹੈ ਉਹ ਇਹ ਹੈ ਕਿ

ਪੁਲਿਸ ਰਿਮਾਂਡ ਅਤੇ ਨਿਆਂਇਕ ਰਿਮਾਂਡ ਵਿਚ ਫਰਕ। ਪੁਲਿਸ ਰਿਮਾਂਡ ਦਾ ਮਤਲਬ ਹੈ ਕਿ ਨਜ਼ਰਬੰਦ ਪੁੱਛ-ਗਿੱਛ ਲਈ ਪੁਲਿਸ ਦੇ ਹਵਾਲੇ ਕਰ ਦਿੱਤਾ ਜਾਣਾ। ਇਸ ਕਿਸਮ ਦਾ ਰਿਮਾਂਡ ਸਿਰਫ ਕੁਝ ਦਿਨਾਂ ਤਕ ਹੀ ਸੀਮਿਤ ਰਹਿਣਾ ਚਾਹੀਦਾ ਹੈ ਪ੍ਰੰਤੂ ਅਸਲ ਵਿਚ ਮੈਜਿਸਟ੍ਰੇਟ ਪੁਲਿਸ ਦੀਆਂ ਬੇਨਤੀਆਂ ਨੂੰ ਵਾਰ-ਵਾਰ ਮੰਨ ਕੇ ਇਸ ਨੂੰ ਮਹੀਨਿਆਂ-ਬੱਧੀ ਵਧਾ ਦਿੰਦੇ ਹਨ। ਟਾਡਾ ਇਕ ਪੁਲਿਸ ਰਿਮਾਂਡ ਦਾ ਰੂਪ ਹੀ ਹੈ ਜਿਥੇ ਇਕ ਕੈਦੀ ਨੂੰ ਜ਼ਮਾਨਤ ਜਾਂ ਅਪੀਲ ਦੇ ਹੱਕ ਤੋਂ ਬਿਨਾਂ ਕਈ ਮਹੀਨਿਆਂ ਅਤੇ ਸਾਲਾਂ ਲਈ ਪੁਲਿਸ ਹਿਰਾਸਤ ਵਿਚ ਰੱਖਿਆ ਜਾਂਦਾ ਹੈ। ਨਿਆਂਇਕ ਰਿਮਾਂਡ ਤੇ ਨਜ਼ਰਬੰਦ ਨੂੰ ਜੇਲ੍ਹ ਅੰਦਰ ਹੀ ਰੱਖਿਆ ਜਾਂਦਾ ਹੈ। ਉਸ ਦੌਰਾਨ ਪੁਲਿਸ ਉਸ ਨੂੰ ਪੁੱਛ-ਗਿੱਛ ਲਈ ਜੇਲ੍ਹ ਵਿਚੋਂ ਨਹੀਂ ਲਿਜਾ ਸਕਦੀ।

ਪੁਲਿਸ ਦੇ ਪੁੱਛ-ਗਿੱਛ ਕਰਨ ਦੇ ਢੰਗ ਬਹੁਤ ਜ਼ਾਲਮਾਨਾ ਹਨ ਅਤੇ ਆਮ ਜੁਰਮ ਲਈ ਵਧਦੇ ਹੀ ਜਾ ਰਹੇ ਹਨ ਪ੍ਰੰਤੂ ਜਦੋਂ ਇਹ ਅਲਹਿਦਗੀ ਨਾਲ ਸਬੰਧਤ ਅਪਰਾਧਾਂ ਨੂੰ ਡੀਲ ਕਰਦੀ ਹੈ ਤਾਂ ਪੁਲਿਸ ਇਕ ਪੱਖੋਂ ਆਪਣੇ-ਆਪ ਨੂੰ ਬਿਲਕੁਲ ਸ਼ਾਂਤ ਅਤੇ ਸੁਰੱਖਿਅਤ ਮਹਿਸੂਸ ਕਰਦੀ ਹੈ ਕਿ ਉਨ੍ਹਾਂ ਨੂੰ ਆਪਣੇ ਵਲੋਂ ਕੀਤੇ ਕੁਕਰਮਾਂ ਦਾ ਹਿਸਾਬ ਦੇਣ ਲਈ ਨਹੀਂ ਕਿਹਾ ਜਾਵੇਗਾ। ਜਦੋਂ ਤਕ ਟਾਡਾ ਅਧੀਨ ਨਜ਼ਰਬੰਦ ਸਾਰੇ ਵਿਅਕਤੀਆਂ ਦੀ ਸ਼ਨਾਖਤ ਅਤੇ ਮੌਜੂਦਾ ਦਸ਼ਾ ਦਾ ਪਤਾ ਲਗਾਉਣ ਲਈ ਮੰਗ ਨਹੀਂ ਕੀਤੀ ਜਾਂਦੀ, ਕਿਉਂਕਿ ਉਨ੍ਹਾਂ ਵਿਰੁੱਧ ਕੇਸ ਦਰਜ ਕਰਕੇ ਉਨ੍ਹਾਂ ਨੂੰ ਗਿਰਫਤਾਰ ਕੀਤਾ ਗਿਆ ਸੀ, ਕਿ ਉਹ ਕਿਹੜੇ ਕਿਹੜੇ ਹਨ? ਉਹ ਕਿਥੇ ਹਨ? ਕੀ ਉਹ ਜਿਉਂਦੇ ਹਨ ਜਾਂ ਮਾਰ ਦਿੱਤੇ ਗਏ ਹਨ ਅਤੇ ਜੇਕਰ ਮਰ ਗਏ ਹਨ ਤਾਂ ਉਹ ਕਿਵੇਂ ਮਰ ਗਏ? ਲੋਕਾਂ ਨੂੰ ਪਤਾ ਨਹੀਂ ਅਤੇ ਅਦਾਲਤਾਂ ਨੂੰ ਵੀ ਨਹੀਂ ਪਤਾ ਜਾਂ ਇਸ ਪਾਸੇ ਧਿਆਨ ਨਹੀਂ ਦਿੱਤਾ ਜਾਂਦਾ।

ਨਵੰਬਰ, 1994 ਵਿਚ ਪੀਲੀਭੀਤ ਜ਼ਿਲ੍ਹਾ ਜੇਲ੍ਹ ਦੇ 42 ਕਰਮਚਾਰੀਆਂ ਦੁਆਰਾ ਛੇ ਵਿਅਕਤੀਆਂ ਨੂੰ ਇਕੱਠਿਆਂ ਮਾਰਨ ਅਤੇ 22 ਹੋਰਨਾਂ ਨੂੰ ਬੁਰੀ ਤਰ੍ਹਾਂ ਜ਼ਖਮੀ ਕਰਨ ਦੇ ਦੋਸ਼ੀ ਪਾਇਆ ਗਿਆ। ਉਹ ਸਾਰੇ ਟਾਡਾ ਅਧੀਨ ਕੈਦੀ ਸਨ। ਉਨ੍ਹਾਂ ਵਿਅਕਤੀਆਂ, ਜਿਹੜੇ ਟਾਡਾ ਅਧੀਨ ਪੀਲੀਭੀਤ ਜ਼ਿਲ੍ਹਾ ਪੁਲਿਸ ਦੁਆਰਾ ਨਜ਼ਰਬੰਦ ਕੀਤੇ ਗਏ ਸਨ, ਦੀਆਂ ਮੌਤਾਂ ਦੀ ਸੀ ਆਈ ਡੀ ਪੜਤਾਲ ਨੇ ਫੌਜਦਾਰੀ ਸੰਘਤਾ ਦੀ ਧਾਰਾ 302 (ਕਤਲ) ਅਧੀਨ ਜੇਲ੍ਹ ਕਰਮਚਾਰੀਆਂ ਤੇ ਮੁਕੱਦਮਾ ਚਲਾਉਣ ਦੀ ਸਿਫਾਰਸ਼ ਕੀਤੀ। ਯੂ.ਪੀ. ਸਰਕਾਰ ਨੇ ਮੁਕੱਦਮਾ ਚਲਾਉਣ ਦੀ ਆਗਿਆ ਦੇ ਦਿੱਤੀ ਪ੍ਰੰਤੂ ਦੋਸ਼ੀਆਂ ਨੂੰ ਉਸ ਤੋਂ ਬਾਅਦ ਕਈ ਮਹੀਨੇ ਚਾਰਜ-ਸ਼ੀਟ ਨਹੀਂ ਕੀਤਾ ਗਿਆ ਸੀ।

19 ਨਵੰਬਰ, 1994 ਦੀ **ਇੰਡੀਅਨ ਐਕਸਪ੍ਰੈਸ** ਵਿਚ ਇਕ ਰਿਪੋਰਟ ਅਨੁਸਾਰ, ਦੂਜੇ ਜੇਲ੍ਹ ਸਾਥੀਆਂ ਨੇ ਕਿਹਾ ਕਿ "ਪੀ ਏ ਸੀ ਜਵਾਨਾਂ ਦੀ ਮਦਦ

ਨਾਲ ਜੇਲ੍ਹ ਗਾਰਡਾਂ ਦੁਆਰਾ 8 ਕੈਦੀਆਂ ਨੂੰ ਉਨ੍ਹਾਂ ਦੀ ਬੈਰਕ (ਨੰ.7) ਵਿਚੋਂ ਵਾਰੀ ਵਾਰੀ ਬਾਹਰ ਕੱਢ ਕੇ ਉਨ੍ਹਾਂ ਨੂੰ ਸਬਕ ਸਿਖਾਉਣ ਅਤੇ ਆਪਣਾ ਗੁੱਸਾ ਕੱਢਣ ਲਈ ਬੜੀ ਬੇ-ਰਹਿਮੀ ਨਾਲ ਕੁੱਟਿਆ'। ਕੈਦੀਆਂ ਦੁਆਰਾ ਦਿੱਤੇ ਗਏ ਬਿਆਨਾਂ ਨੂੰ ਦੇਖਦਿਆਂ ਇਹ ਇਕ ਚਮਤਕਾਰ ਜਾਪਦਾ ਹੈ ਕਿ ਉਨ੍ਹਾਂ ਵਿਚੋਂ ਸਿਰਫ ਛੇ ਮਰੇ। ਇਸ ਵਹਿਸ਼ੀਆਨਾ ਹਮਲੇ ਦੀ ਹੱਦ ਦਾ ਅੰਦਾਜ਼ਾ ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ ਜ਼ਖ਼ਮੀ ਹੋਏ 22 ਵਿਚੋਂ ਘੱਟੋ-ਘੱਟ 13 ਦੀਆਂ ਦੋਹਾਂ ਲੱਤਾਂ ਦੀਆਂ ਕਈ ਥਾਂਵਾਂ ਤੋਂ ਹੱਡੀਆਂ ਟੁੱਟੀਆਂ ਹੋਈਆਂ ਸਨ।

ਚਾਰੇ ਜ਼ਖਮੀਆਂ ਵਿਚੋਂ ਕਿਸੇ ਨੇ ਵੀ ਨਹੀਂ ਮੰਨਿਆਂ ਕਿ ਉਨ੍ਹਾਂ ਨੇ ਨੱਠਣ ਦੀ ਕੋਸ਼ਿਸ਼ ਕੀਤੀ, ਨਾਲ ਦੇ ਸੈੱਲ (ਨੰ.6) ਵਿਚ ਬੰਦ ਕੀਤੇ ਗਏ ਕੈਦੀਆਂ ਨੇ ਦੱਸਿਆਂ ਕਿ ਬੈਰਕ ਨੰ.7 ਦੇ ਕੋਈ ਸੱਤ ਜਾਂ ਅੱਠ ਸਾਥੀ ਲੋਹੇ ਦੀ ਸੀਖ ਨੂੰ ਕੱਟ ਕੇ ਬਾਹਰ ਆ ਗਏ। ਉਹ ਜੇਲ੍ਹ ਦੇ ਗਾਰਡ ਨਾਲ ਗੁੱਥਮ-ਗੁੱਥਾ ਹੋ ਗਏ ਜਿਨ੍ਹਾਂ ਨੇ ਉਨ੍ਹਾਂ ਨੂੰ ਪਛਾਣ ਲਿਆ। ਬਾਅਦ ਵਿਚ ਬੈਰਕ (7) ਦੇ ਸਾਰੇ ਕੈਦੀਆਂ ਨੂੰ ਗਾਰਡਾਂ ਦੁਆਰਾ ਤਸੀਹੇ ਦਿੱਤੇ ਗਏ। ਪੀ ਏ ਸੀ ਦੇ ਹਥਿਆਰਬੰਦ ਜਵਾਨਾਂ ਨੇ ਬੈਰਕ ਨੂੰ ਘੇਰਾ ਪਾ ਲਿਆ ਅਤੇ ਕੈਦੀਆਂ ਨੂੰ ਆਪਣੇ ਕਪੜੇ ਅਤੇ ਗੁੱਟਕੇ (ਗੁਰੂ ਗ੍ਰੰਥ ਸਾਹਿਬ, ਸਿੱਖਾਂ ਦੇ ਧਾਰਮਿਕ ਗ੍ਰੰਥ ਦਾ ਸੰਖੇਪ-ਸਾਰ) ਹਵਾਲੇ ਕਰਨ ਲਈ ਕਿਹਾ। ਗਾਰਡਾਂ ਨੇ ਫਿਰ ਉਨ੍ਹਾਂ ਦੀਆਂ ਪੱਗਾਂ / ਕਪੜਿਆਂ ਅਤੇ ਗੁਟਕਿਆਂ ਨੂੰ ਅਗਨ ਭੇਂਟ ਕਰ ਦਿੱਤਾ।

ਕੈਦੀਆਂ ਨੂੰ ਇਕੱਲੇ ਇਕੱਲੇ ਬਾਹਰ ਧੂਹ ਕੇ ਲਾਠੀਆਂ ਅਤੇ ਰਾਈਫਲਾਂ ਨਾਲ ਬੁਰੀ ਤਰ੍ਹਾਂ ਕੁੱਟਿਆ ਗਿਆ :- ਚਾਹੇ ਸੀਨੀਅਰ ਜੇਲ੍ਹ ਅਧਿਕਾਰੀ ਮੌਕੇ ਤੇ ਪੁੱਜੇ ਲੇਕਿਨ ਉਨ੍ਹਾਂ ਕਿਸੇ ਵੀ ਗਾਰਡ ਨੂੰ ਅਜਿਹਾ ਕਰਨ ਤੋਂ ਨਾ ਰੋਕਿਆ, ਜੇਲ੍ਹ ਸਾਥੀਆਂ ਨੇ ਦੱਸਿਆ।

ਉਨ੍ਹਾਂ ਵਿਚੋਂ ਕੁਝ ਜਿਹੜੇ ਮਰ ਗਏ ਸਨ ਉਸ ਦੁਰਘਟਨਾ ਦੇ ਗਵਾਹ ਸਨ ਜਿਹੜੀ 1993 ਵਿਚ ਪੀਲੀਭੀਤ ਵਿਚ ਵਾਪਰੀ ਸੀ। ਉਦੋਂ ਯੂ.ਪੀ. ਪੁਲਿਸ ਨੇ ਮਹਾਰਾਸ਼ਟਰ ਵਿਚ ਹਜ਼ੂਰ ਸਾਹਿਬ ਤੋਂ ਤੀਰਥ-ਯਾਤਰੀਆਂ ਨੂੰ ਲਿਜਾ ਰਹੀ ਇਕ ਬੱਸ ਵਿਚੋਂ 11 ਯਾਤਰੀਆਂ ਨੂੰ ਬਾਹਰ ਕੱਢਿਆ ਅਤੇ ਉਨ੍ਹਾਂ ਨੂੰ ਤਿੰਨ ਝੂਠੇ ਮੁਕਾਬਲਿਆਂ ਵਿਚ ਮਾਰ ਦਿੱਤਾ। ਪੀਲੀਭੀਤ ਵਿਚ ਵਾਪਰੇ ਪਹਿਲੇ ਕੇਸਾਂ ਦੀ ਸੁਣਵਾਈ ਜਲਦੀ ਹੋਣ ਵਾਲੀ ਸੀ ਅਤੇ ਟਾਡਾ ਅਧੀਨ ਸਿੱਖ ਕੈਦੀ ਉਨ੍ਹਾਂ ਕੇਸਾਂ ਵਿਚ ਗਵਾਹ ਸਨ।

2 ਮਾਰਚ, 1993 ਨੂੰ ਪੰਜਾਬ ਦੇ ਮੁੱਖ ਮੰਤਰੀ ਬੇਅੰਤ ਸਿੰਘ ਨੇ ਮੰਨਿਆਂ ਕਿ ਉਸ ਦੀ ਸਰਕਾਰ ਬਣਨ ਤੋਂ ਪਹਿਲੇ ਪੰਜ ਮਹੀਨਿਆਂ ਵਿਚ ਰਾਜ ਵਿਚ ਛੇ ਹਿਰਾਸਤੀ ਮੌਤਾਂ ਹੋਈਆਂ ਹਨ ਪ੍ਰੰਤੂ ਉਸ ਨੇ ਮ੍ਰਿਤਕਾਂ ਦੇ ਆਸ਼ਰਿਤਾਂ ਨੂੰ ਮੁਆਵਜ਼ਾ ਦੇਣ ਤੋਂ ਨਾਂਹ ਕਰ ਦਿੱਤੀ। ਉਸ ਨੇ ਕਿਹਾ ਕਿ "ਉਗਰਵਾਦੀਆਂ ਦੇ ਹੱਥੋਂ ਕੀਤੀ ਗਈ ਮੌਤ ਨੂੰ ਪੁਲਿਸ ਹਿਰਾਸਤ ਵਿਚ ਕੀਤੀ

ਗਈ ਮੌਤ ਨਾਲ ਨਹੀਂ ਮਿਲਾਇਆ ਜਾ ਸਕਦਾ। ਉਸ ਨੇ ਸ਼ਿਕਾਰ ਹੋਏ ਵਿਅਕਤੀਆਂ ਦੇ ਇਹ ਨਾਂ ਦੱਸੇ : ਬਲਬੀਰ ਕੌਰ (ਰੋਪੜ), ਹੀਰਾ ਸਿੰਘ (ਜਗਰਾਓਂ ਵਿਚ ਸੁਧਾਰ), ਜਰਨੈਲ ਸਿੰਘ (ਡਵੀਜ਼ਨ ਨੰ.4, ਜਲੰਧਰ), ਅੰਮ੍ਰਿਤ ਲਾਲ (ਛੇਹਰਟਾ, ਅੰਮ੍ਰਿਤਸਰ), ਸ਼ੇਰ ਸਿੰਘ (ਮੁੱਲਾਪੁਰ, ਫਤਿਹਗੜ੍ਹ ਸਾਹਿਬ) ਅਤੇ ਬਲਜੀਤ ਕੁਮਾਰ (ਲਾਲੜੂ, ਪਟਿਆਲਾ)।

29 ਮਾਰਚ, 1994 ਨੂੰ ਪੰਜਾਬ ਦੇ ਡੀ ਜੀ ਪੀ ਕੇ.ਪੀ.ਐਸ. ਗਿੱਲ ਨੇ ਅਖਬਾਰਾਂ ਵਾਲਿਆਂ ਨੂੰ ਇਕ ਮਹੱਤਵਪੂਰਣ ਗਿਰਫਤਾਰੀ ਦਿਖਾਉਣ ਦਾ ਢੋਂਗ ਰਚਿਆ ਅਤੇ ਉਸ ਨੇ ਪੱਤਰਕਾਰਾਂ ਨੂੰ ਇਹ ਵੇਖਣ ਲਈ ਬੁਲਾਇਆ ਕਿ ਕੰਵਰ ਸਿੰਘ ਧਾਮੀ, ਅੱਤਵਾਦੀ ਜੁਰਮਾਂ ਦਾ ਦੋਸ਼ੀ, ਖੁਲ੍ਹੇ-ਆਮ ਆਤਮ-ਸਮਰਪਣ ਕਰੇਗਾ। ਧਾਮੀ ਨੇ ਆਤਮ-ਸਮਰਪਣ ਨਹੀਂ ਕੀਤਾ, ਬਲਕਿ ਉਸਨੇ ਇਸ ਮੌਕੇ ਨੂੰ ਪੁਲਿਸ ਦੁਆਰਾ ਖੁਲ੍ਹੇ-ਆਮ ਝੂਠ ਮਾਰਨ ਦਾ ਦੋਸ਼ੀ ਠਹਿਰਾਉਣ ਲਈ ਵਰਤਿਆ ਅਤੇ ਅਖਬਾਰਾਂ ਵਾਲਿਆਂ ਨੂੰ ਦੱਸਿਆ ਕਿ ਉਹ, ਪੰਜਾਬ ਪੁਲਿਸ ਦੁਆਰਾ ਆਪਣੇ 15 ਕੈਦੀਆਂ ਨੂੰ ਤੰਗ ਕਰਨ ਅਤੇ ਉਨ੍ਹਾਂ ਦੀਆਂ ਗੈਰ-ਅਦਾਲਤੀ ਹੱਤਿਆਵਾਂ ਕਰਨ ਦਾ ਗਵਾਹ ਹੈ। ਬਾਅਦ ਵਿਚ ਉਨ੍ਹਾਂ ਦੇ ਨਾਂ, ਜਿਹੜੇ ਪੁਲਿਸ ਨੇ ਮਾਰ ਦਿੱਤੇ ਸਨ, ਉਸਦੀ ਪਤਨੀ, ਸਾਥੀ ਕੈਦੀ, ਦੁਆਰਾ ਇਕ ਹਲਫੀਆ ਬਿਆਨ ਵਿਚ ਦਿੱਤੇ ਗਏ ਸਨ। ਉਸ ਨੇ ਡੀ ਜੀ ਪੀ ਦੀ ਮੁਗਲ ਬਾਦਸ਼ਾਹ ਔਰੰਗਜ਼ੇਬ ਨਾਲ ਤੁਲਨਾ ਕੀਤੀ ਜਿਸ ਨੇ ਖੁਲ੍ਹੇ-ਆਮ ਵਧੀਕੀਆਂ ਕੀਤੀਆਂ ਸਨ, ਜਦ ਕਿ ਡੀ ਜੀ ਪੀ ਨੇ ਅਜਿਹਾ ਚਾਰ-ਦੀਵਾਰੀ ਦੇ ਅੰਦਰ ਕੀਤਾ ਹੈ।

ਅਕਤੂਬਰ, 1994 ਵਿਚ ਇਕ ਵੀਡੀਓ ਨਿਊਜ਼ ਮੈਗਜ਼ੀਨ **ਲੈਂਸ-ਆਈ**, ਨੇ **ਏਸ਼ੀਅਨ ਏਜ**, ਜਿਸ ਦਾ ਟਾਈਟਲ "ਰਾਜ ਦੇ ਮਾਮਲੇ" ਸੀ, ਜਿਹੜੀ ਹਿਰਾਸਤੀ ਮੌਤਾਂ ਦੇ ਮਾਮਲੇ ਨੂੰ ਡੀਲ ਕਰਦੀ ਸੀ, ਦੁਆਰਾ ਲਈ ਗਈ ਇਕ ਇੰਟਰਵਿਊ ਪੇਸ਼ ਕੀਤੀ। ਡੀ ਜੀ ਪੀ ਕੇ.ਪੀ.ਐਸ. ਗਿੱਲ ਦੀ ਫਿਲਮ ਬਣਾਈ ਗਈ ਅਤੇ ਉਸਨੇ ਇਸ ਗੱਲੋਂ ਇਨਕਾਰ ਕੀਤਾ ਕਿ ਅਜਿਹੀਆਂ ਚੀਜ਼ਾਂ ਵਾਪਰੀਆਂ ਹਨ; ਇਸ ਉਪਰੰਤ ਪੰਜਾਬ ਦੀਆਂ ਜੇਲ੍ਹਾਂ ਵਿਚ ਬੰਦ ਸੁਭਾਵਿਕ ਤੌਰ ਤੇ ਚੁਣੇ ਗਏ ਚਾਰ ਕੈਦੀਆਂ ਨਾਲ ਕੀਤੀ ਗਈ ਮੁਲਾਕਾਤ ਦਾ ਸਾਰ ਦਿਖਾਇਆ ਗਿਆ : ਇਨ੍ਹਾਂ ਕੈਦੀਆਂ ਨੇ ਪੁਸ਼ਟੀ ਕੀਤੀ ਕਿ ਉਨ੍ਹਾਂ ਨੂੰ ਜਾਤੀ ਤੌਰ ਤੇ ਬਹੁਤ ਤਸੀਹੇ ਦਿੱਤੇ ਗਏ ਸਨ ਅਤੇ ਉਨ੍ਹਾਂ ਨੇ ਆਪਣੇ ਕਈ ਸਾਥੀ ਕੈਦੀਆਂ ਨੂੰ ਤਸੀਹੇ ਦੇਣ ਦੇ ਸਿੱਟੇ ਵਜੋਂ ਮਰਦਿਆਂ ਦੇਖਿਆ ਹੈ। ਉਨ੍ਹਾਂ ਨੇ ਦੱਸਿਆ ਕਿ ਉਹ ਅਜਿਹੇ ਤਸੀਹਿਆਂ ਨਾਲੋਂ ਮਰਨਾ ਪਸੰਦ ਕਰਨਗੇ।

*"ਦੂਜੇ ਖਾੜਕੂਆਂ ਦੁਆਰਾ ਹੱਤਿਆ"*

ਪੁਲਿਸ ਵਿਜੀਲੈਂਟਸ ਜੋ ਖਾੜਕੂਆਂ ਦੇ ਰੂਪ ਵਿਚ ਹੁੰਦੇ ਸਨ ਨੂੰ, ਅਜਿਹੇ ਵਿਅਕਤੀਆਂ ਨੂੰ ਮਾਰ ਮੁਕਾਉਣ ਦੀ ਹਦਾਇਤ ਦਿੱਤੀ ਜਾਂਦੀ ਸੀ

ਜਿਨ੍ਹਾਂ ਨੂੰ ਖਾੜਕੂਆਂ ਦੇ ਹਮਾਇਤੀ ਹੋਣ ਵਜੋਂ ਗਰਦਾਨਿਆਂ ਜਾਂਦਾ ਸੀ। ਭਾਵੇਂ ਉਹ ਸ਼ਰੇ-ਆਮ ਘੁੰਮਦੇ ਸਨ, ਅਤੇ ਕਿਸੇ ਨੂੰ ਵੀ ਮੌਤ ਦੇ ਘਾਟ ਉਤਾਰ ਦਿੰਦੇ ਸਨ। ਪੁਲਿਸ ਨੇ ਅਜਿਹੀਆਂ ਹੱਤਿਆਵਾਂ ਵਲ ਕੋਈ ਧਿਆਨ ਨਾ ਦਿੱਤਾ ਅਤੇ ਸਿਰਫ਼ ਇਹੀ ਕਿਹਾ ਕਿ ਇਹ "ਹੱਤਿਆਵਾਂ ਦੂਜੇ ਖਾੜਕੂਆਂ ਦੁਆਰਾ" ਕੀਤੀਆਂ ਗਈਆਂ ਹਨ। ਇਸ ਕਿਸਮ ਦੀਆਂ ਹੱਤਿਆਵਾਂ ਦੀ ਸ਼੍ਰੇਣੀ ਬਾਰੇ, 'ਵਿਜੀਲੈਂਟਸ' ਦੇ ਸਿਰਲੇਖ ਅਧੀਨ ਪੁਲਿਸ ਦੇ ਕੰਮ-ਕਾਰ ਬਾਰੇ ਇਸ ਅਧਿਆਇ ਵਿਚ ਵਿਸਥਾਰ ਵਿਚ ਵਿਚਾਰ ਕੀਤੀ ਗਈ ਹੈ।

ਕੁਝ ਕੇਸਾਂ ਵਿਚ ਇਸ ਦੀ ਸੰਭਾਵਨਾ ਦਿਖਾਈ ਗਈ ਕਿ ਪੁਲਿਸ ਵਾਲਿਆਂ ਨੇ ਖ਼ੁਦ ਕਿਸੇ ਆਦਮੀ ਨੂੰ ਮਾਰ ਦਿੱਤਾ ਅਤੇ ਉਸ ਦੀ ਮੌਤ ਦਾ ਦੋਸ਼ ਖਾੜਕੂਆਂ ਤੇ ਮੜ੍ਹ ਦਿੱਤਾ। ਮ੍ਰਿਤਕਾਂ ਦੇ ਰਿਸ਼ਤੇਦਾਰ ਨੇ ਹਮੇਸ਼ਾਂ ਇਸ ਸਪੱਸ਼ਟੀਕਰਨ ਨੂੰ ਸਵੀਕਾਰ ਨਹੀਂ ਸੀ ਕੀਤਾ।

4 ਨਵੰਬਰ, 1991 ਨੂੰ **ਦਿ ਟ੍ਰਿਬਿਊਨ** ਅਖਬਾਰ ਨੇ ਖਬਰ ਦਿੱਤੀ ਕਿ ਕਸ਼ਮੀਰੀ ਮੁਹੱਲੇ, ਤ੍ਰਿਪੜੀ, ਪਟਿਆਲਾ ਦੀ ਕਰਤਾਰ ਕੌਰ (ਸੁਪਤਨੀ ਹਰਨੇਮ ਸਿੰਘ ਰਾਜਪੂਤ) ਨੇ ਆਪਣੇ ਪੁੱਤਰ ਗੁਰਦੇਵ ਸਿੰਘ ਨੱਥੀ, ਜਿਹੜਾ ਉਸ ਵੇਲੇ ਆਡੀਓ ਕੈਸਟਾਂ ਵੇਚਣ ਦੀ ਦੁਕਾਨ ਕਰ ਰਿਹਾ ਸੀ, ਦੀ ਹੱਤਿਆ ਦਾ ਪੁਲਿਸ ਤੇ ਦੋਸ਼ ਲਗਾਇਆ। ਉਸ ਨੇ ਕਿਹਾ ਕਿ ਉਸ ਨੂੰ 27 ਅਕਤੂਬਰ ਨੂੰ ਤਿੰਨ ਚਿੱਟ ਕਪੜੀਏ ਪੁਲਿਸ ਵਾਲੇ ਜ਼ਬਰੀ ਚੁੱਕ ਕੇ ਲੈ ਗਏ ਅਤੇ ਉਸ ਨੇ ਪੁਲਿਸ ਕੋਲ ਰਿਪੋਰਟ ਦਰਜ ਕਰਵਾਈ।

ਉਹ 28 ਅਕਤੂਬਰ ਨੂੰ ਐਸ ਐਸ ਪੀ ਸਤੀਸ਼ ਕੇ. ਸ਼ਰਮਾ ਨੂੰ ਮਿਲੀ ਜਿਸਨੇ ਉੱਤਰ ਦਿੱਤਾ ਕਿ "ਗੁਰਦੇਵ ਇਕ ਕੱਟੜ ਅੱਤਵਾਦੀ ਹੈ।" 29 ਅਕਤੂਬਰ ਨੂੰ ਗਲੀ-ਮੁਹੱਲੇ ਦੇ ਬੱਚੇ ਆਏ ਅਤੇ ਉਸ ਨੂੰ ਦੱਸਿਆ ਕਿ ਗੁਰਦੇਵ ਸਿੰਘ ਵਰਗੇ ਵਿਅਕਤੀ ਦੀ ਲਾਸ਼ ਸੈਫਦੀਪੁਰ-ਸ਼ੇਖਪੁਰਾ ਰੋਡ ਨੇੜੇ ਪਈ ਹੈ; ਬਾਅਦ ਵਿਚ ਇਕ ਹੋਰ ਦਰਸ਼ਕ ਨੇ ਦਸਿਆ ਕਿ ਉਹ ਲਾਸ਼ ਪੁਲਿਸ ਚੁੱਕ ਕੇ ਲੈ ਗਈ ਹੈ।

ਉਸੇ ਦਿਨ ਪੁਲਿਸ ਨੇ ਇਕ ਪ੍ਰੈਸ ਰਿਲੀਜ਼ ਜਾਰੀ ਕੀਤੀ : "ਆਪਸੀ ਦੁਸ਼ਮਣੀ ਦੇ ਇਕ ਗਰੋਹ ਦੇ ਕੇਸ ਵਿਚ ਪੁਲਿਸ ਨੇ ਗੁਰਦੇਵ ਸਿੰਘ ਦੀ ਲਾਸ਼ ਬਰਾਮਦ ਕੀਤੀ ਹੈ :- ਇਹ ਅੱਤਵਾਦੀ ਬੰਬ ਧਮਾਕਿਆਂ ਲਈ ਜ਼ਿੰਮੇਵਾਰ ਸੀ - ਉਹ ਅਮਰੀਕ ਸਿੰਘ ਕੌਲੀ, ਬੱਬਰ ਖਾਲਸਾ ਦੇ ਚੋਟੀ ਦੇ ਇਕ ਅੱਤਵਾਦੀ ਦੇ ਨਿਕਟਵਰਤੀ ਸਬੰਧੀਆਂ ਵਿਚੋਂ ਇਕ ਅਤੇ ਉਸ ਦਾ ਮਾਮਾ ਸੀ।"

ਹਰਪ੍ਰੀਤ ਸਿੰਘ ਸਪੁੱਤਰ ਹਜ਼ੂਰਾ ਸਿੰਘ, ਪਿੰਡ ਬੁਰਜ ਰਾਏਕੇ, ਜ਼ਿਲ੍ਹਾ ਅੰਮ੍ਰਿਤਸਰ ਪੁਲਿਸ ਲਈ ਇਕ ਪ੍ਰੇਸ਼ਾਨੀ ਵਿਚ ਪਾਉਣ ਵਾਲਾ "ਜਿੰਨ" ਸੀ ਕਿਉਂਕਿ ਉਸ ਨੂੰ ਮਰਿਆ ਸਮਝਿਆ ਗਿਆ ਸੀ ਪ੍ਰੰਤੂ ਉਹ ਮਰਿਆ ਨਹੀਂ ਸੀ। ਹਰਪ੍ਰੀਤ ਨਾ ਸਿਰਫ ਮੁੜ ਜ਼ਾਹਰ ਹੋਇਆ (ਰੀਸਰਫੇਸ) ਹੀ ਹੋਇਆ ਬਲਕਿ ਉਸ ਨੇ ਆਪਣੀ ਕਹਾਣੀ ਵੀ ਪ੍ਰੈਸ ਨੂੰ ਦੱਸੀ।

ਹਰਪ੍ਰੀਤ ਦੀ ਮੁਸੀਬਤ 1985 ਵਿਚ ਸ਼ੁਰੂ ਹੋਈ ਜਦੋਂ ਉਹ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਮੁੱਖੀ ਵਧਾਵਾ ਸਿੰਘ ਨੂੰ ਦਰਬਾਰ ਸਾਹਿਬ ਵਿਚ ਮਿਲਿਆ। ਵਧਾਵੇ ਨੇ ਉਸ ਦੀ ਮੁਲਾਕਾਤ ਆਪਣੇ ਧੜੇ ਦੇ ਦੋਆਬਾ ਜ਼ੋਨ ਦੇ ਇੰਚਾਰਜ ਸੁਖਦੇਵ ਸਿੰਘ ਭੱਲੇ ਨਾਲ ਕਰਾਈ। ਸ਼ੁਰੂ ਵਿਚ ਉਸਨੂੰ ਪ੍ਰਾਪੋਗੈਂਡਾ ਕਰਨ ਅਤੇ ਅੱਤਵਾਦੀ ਗਰੁੱਪਾਂ ਵਿਚਕਾਰ ਸੁਨੇਹੇ ਪਹੁੰਚਾਉਣ ਲਈ ਮੋਹਰੀ ਸੰਸਥਾ ਵਿਚ ਭਰਤੀ ਕੀਤਾ ਗਿਆ।

ਇਸ ਤੋਂ ਤਿੰਨਾਂ ਸਾਲਾਂ ਮਗਰੋਂ ਉਸ ਨੂੰ ਇਕ ਬੰਦੂਕ ਅਤੇ ਗੋਲੀ-ਸਿੱਕਾ ਦਿੱਤਾ ਗਿਆ। 1988 ਵਿਚ ਉਹ ਬੱਬਰ ਖਾਲਸਾ ਇੰਟਰਨੈਸ਼ਨਲ ਨਾਲ ਅਸਹਿਮਤ ਹੋ ਗਿਆ ਅਤੇ ਉਸ ਨੂੰ ਸੰਸਥਾ ਵਿਚੋਂ ਬਾਹਰ ਕੱਢ ਦਿੱਤਾ ਗਿਆ। ਫਿਰ ਉਹ ਕੇ ਸੀ ਐਫ (ਪੰਜਵੜ) ਵਿਚ ਸ਼ਾਮਲ ਹੋ ਗਿਆ ਜਿਹੜੀ ਰਾਮ ਸਿੰਘ ਮਾਨੇਵਾਲਾ ਅਧੀਨ ਕੰਮ ਕਰਦੀ ਸੀ। ਉਹ ਇਸ ਗਰੁੱਪ ਵਿਚ ਦੋ ਸਾਲ ਰਿਹਾ ਅਤੇ ਫਿਰ ਦੁਬਾਰਾ ਬੀ ਕੇ ਆਈ ਵਿਚ ਸ਼ਾਮਲ ਹੋ ਗਿਆ। ਉਸ ਨੂੰ ਐਸ ਪੀ (ਓਪਰੇਸ਼ਨਜ਼) ਐਸ.ਕੇ. ਸਿੰਘ ਦੁਆਰਾ 18 ਨਵੰਬਰ, 1991 ਨੂੰ ਅੰਮ੍ਰਿਤਸਰ ਤੋਂ ਗਿਰਫਤਾਰ ਕੀਤਾ ਗਿਆ ਅਤੇ ਗੈਰ-ਕਾਨੂੰਨੀ ਹਿਰਾਸਤ ਵਿਚ ਰੱਖਿਆ ਗਿਆ। 22 ਨਵੰਬਰ, 1991 ਨੂੰ ਪੁਲਿਸ ਨੇ ਐਲਾਨ ਕੀਤਾ ਕਿ ਉਹ ਇਕ ਹੋਰ ਅੱਤਵਾਦੀ ਸਮੇਤ ਇਕ ਸਖਤ ਮੁਕਾਬਲੇ ਵਿਚ ਮਾਰਿਆ ਗਿਆ ਹੈ ਜਦ ਕਿ ਦੋ ਹੋਰ ਬਚ ਕੇ ਨਿਕਲ ਗਏ ਹਨ। ਉਨ੍ਹਾਂ ਨੇ ਉਸ ਨੂੰ ਇਕ ਖ਼ਤਰਨਾਕ ਅੱਤਵਾਦੀ ਅਤੇ ਬੀ ਕੇ ਆਈ ਦਾ ਇਕ ਲੈਫਟੀਨੈਂਟ ਜਰਨਲ ਕਿਹਾ ਜਿਹੜਾ ਇਕ ਐਸ ਐਸ ਪੀ ਸਮੇਤ 150 ਹੱਤਿਆਵਾਂ ਕਰਨ ਦਾ ਜ਼ਿੰਮੇਵਾਰ ਸੀ। ਜਿਨ੍ਹਾਂ ਨੇ ਉਸ ਨੂੰ ਮਾਰਿਆ ਉਨ੍ਹਾਂ ਨੇ 10 ਲੱਖ ਰੁਪਏ ਦਾ ਇਨਾਮ ਪ੍ਰਾਪਤ ਕੀਤਾ।

ਐਪਰ, ਹਰਪ੍ਰੀਤ ਨੇ ਦਾਅਵਾ ਕੀਤਾ ਕਿ ਉਸ ਨੂੰ ਸੀ ਆਰ ਪੀ ਐਫ ਦੁਆਰਾ ਗੁਪਤ ਹਿਰਾਸਤ ਵਿਚ ਰਖਿਆ ਗਿਆ ਸੀ। ਸਤੰਬਰ, 1992 ਵਿਚ ਉਹ ਹੱਥਕੜੀ, ਜਿਹੜੀ ਉਸ ਨੂੰ ਮੰਜੇ ਨਾਲ ਬੰਨ੍ਹ ਕੇ ਰਖਦੀ ਸੀ, ਤੁੜਾ ਕੇ ਦੌੜ ਗਿਆ ਅਤੇ ਮਦਰਾਸ ਚਲੇ ਗਿਆ ਜਿਥੇ ਉਸ ਨੇ ਇਕ ਕਾਰੋਬਾਰ ਚਲਾਉਣ ਦੀ ਅਸਫਲ ਕੋਸ਼ਿਸ਼ ਕੀਤੀ। ਉਹ ਜੁਲਾਈ, 1995 ਵਿਚ ਪੰਜਾਬ ਵਾਪਸ ਆ ਗਿਆ; ਆਪਣੇ ਮਾਪਿਆਂ ਨੂੰ ਮਿਲਿਆ ਅਤੇ ਆਪਣੇ ਕੇਸ ਵਿਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਤੋਂ ਪੰਜਾਬ ਪੁਲਿਸ ਅਤੇ ਸੀ ਬੀ ਆਈ ਇਨਕੁਆਇਰੀ ਵਿਰੁੱਧ ਸੁਰੱਖਿਆ ਮੰਗੀ। ਕਹਾਣੀ ਦੇ ਬਾਹਰ ਆ ਜਾਣ ਤੋਂ ਬਾਅਦ, ਐਸ.ਪੀ. ਨੇ ਇਕ ਪੱਤਰ-ਪ੍ਰੇਰਕ ਨੂੰ ਜ਼ਿਕਰ ਕੀਤਾ ਕਿ ਉਸ ਨੇ "ਹਰਪ੍ਰੀਤ ਨਾਲ ਇਕ ਪੁੱਤਰ ਵਾਲਾ ਸਲੂਕ ਕੀਤਾ" ਸੀ ਅਤੇ ਹਰਪ੍ਰੀਤ ਨੇ ਪੁਲਿਸ ਨਾਲ ਉਸਦੇ ਕੰਮ ਵਿਚ ਪੂਰਾ ਸਹਿਯੋਗ ਦਿੱਤਾ, ਕਿਉਂਕਿ ਉਸ ਨਾਲ ਅੱਛੇ ਸਬੰਧ ਸਨ, ਇਸ ਕਰਕੇ ਹਰਪ੍ਰੀਤ ਨੂੰ ਮਾਰਨ ਦੀ ਬਜਾਏ, ਜਦੋਂ ਉਸ ਦਾ ਫਾਇਦਾ ਉਠਾ ਲਿਆ ਸੀ, ਐਸ.ਪੀ. ਨੇ ਉਸ ਨੂੰ ਮਦਰਾਸ ਭੇਜ ਦਿੱਤਾ

ਅਤੇ ਹਦਾਇਤ ਕੀਤੀ ਕਿ ਉਹ ਮੁੜ ਕਦੀ ਪੰਜਾਬ ਨਾ ਆਵੇ।

ਹਰਪ੍ਰੀਤ ਹੀ ਕੇਵਲ ਅਜਿਹਾ "ਭੂਤ" ਨਹੀਂ ਹੈ। ਪੁਲਿਸ ਦੇ ਰਿਕਾਰਡ ਮੁਤਾਬਕ, ਅੰਮ੍ਰਿਤਸਰ ਜ਼ਿਲ੍ਹੇ ਵਿਚ ਪਿੰਡ ਕੋਟ ਮਹਿਤਾਬ ਦੇ ਤੇਜਾ ਸਿੰਘ ਦਾ ਸਪੁੱਤਰ ਸਰਵਨ ਸਿੰਘ ਸ਼ੰਮਾ ਇਕ ਅੱਤਵਾਦੀ ਸੀ ਜਿਹੜਾ 14 ਦਸੰਬਰ, 1992 ਦੀ ਰਾਤ ਨੂੰ ਸੁਲਤਾਨਪੁਰ ਨੇੜੇ ਇਕ ਮੁਕਾਬਲੇ ਵਿਚ ਮਾਰਿਆ ਗਿਆ ਸੀ। ਉਹ ਮਾਰਚ, 1997 ਵਿਚ ਜਿਉਂਦਾ ਵਾਪਸ ਆ ਗਿਆ ਅਤੇ ਉਸ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਤੋਂ ਸੁਰੱਖਿਆ ਮੰਗੀ।

ਸ਼ੰਮੇ ਨੇ ਅਦਾਲਤ ਨੂੰ ਦੱਸਿਆ ਕਿ ਉਸ ਨੂੰ 26 ਨਵੰਬਰ, 1992 ਨੂੰ ਸੀ ਆਈ ਏ ਕਪੂਰਥਲਾ ਦੇ ਇੰਸਪੈਕਟਰ ਜੁਗਿੰਦਰ ਸਿੰਘ ਨੇ ਚੁੱਕਿਆ ਸੀ। ਉਸ ਨੂੰ ਪਿੰਡ ਖੱਬਾ ਰਾਜਪੁਤਾਨਾ, ਕਪੂਰਥਲਾ ਦੇ ਨਿਰਮਲ ਸਿੰਘ ਨਿੰਮੇ ਨਾਲ ਤਸੀਹੇ ਦਿੱਤੇ ਗਏ ਸਨ। ਨਿੰਮਾ ਤਸੀਹੇ ਦਿੰਦਿਆਂ ਮਰ ਗਿਆ। 14 ਦਸੰਬਰ ਦੇ ਮੁਕਾਬਲੇ ਲਈ ਪੁਲਿਸ ਦੇ ਪੱਖ ਨੇ ਦਸਿਆ ਕਿ ਸਰਵਣ ਸਿੰਘ ਮਾਰਿਆ ਗਿਆ ਸੀ ਅਤੇ ਨਿੰਮਾ ਬਚ ਕੇ ਨਿਕਲ ਗਿਆ ਸੀ ਪ੍ਰੰਤੂ ਬਾਅਦ ਵਿਚ ਮਰਿਆ ਪਿਆ ਲੱਭਾ ਸੀ।

ਸਰਵਣ ਸਿੰਘ ਸ਼ੰਮਾ 17 ਦਸੰਬਰ ਨੂੰ ਪੁਲਿਸ ਤੋਂ ਬਚ ਕੇ ਨਿਕਲ ਗਿਆ ਪ੍ਰੰਤੂ ਮੁਕਾਬਲੇ ਬਾਰੇ ਪੜ੍ਹ ਕੇ ਉਹ ਡਰ ਗਿਆ ਕਿ ਉਸ ਨੂੰ ਜਲਦੀ ਅਸਲੀ ਮੁਕਾਬਲੇ ਦਾ ਸ਼ਿਕਾਰ ਬਣਾਇਆ ਜਾਵੇਗਾ। ਉਹ ਚਾਰ ਸਾਲ ਲੁਕਿਆ ਰਿਹਾ।

'ਭੂਤ' ਨੰਬਰ ਤਿੰਨ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਕਾਲੀਬਾਗਲੀ ਦਾ ਭੁਪਿੰਦਰਾ ਸਿੰਘ ਉਰਫ ਪਿੰਡੀਆ ਹੈ। 1984 ਤੋਂ ਪਹਿਲਾਂ, ਭੁਪਿੰਦਰ ਆਗਰੇ ਵਿਚ ਇਕ ਟਰੱਕ ਡਰਾਈਵਰ ਸੀ। ਉਹ ਬਲਿਊਸਟਾਰ ਸਮੇਂ ਆਪਣੇ ਜੱਦੀ ਪਿੰਡ ਆਉਂਦਾ ਰਹਿੰਦਾ ਸੀ ਅਤੇ ਉਸ ਨੂੰ ਆਪਣੇ ਪਿੰਡ ਦੇ ਹੋਰ ਨੌਜਵਾਨਾਂ ਨਾਲ ਟ੍ਰੇਨਿੰਗ ਲਈ ਪਾਕਿਸਤਾਨ ਵਿਚ ਫੈਸਲਾਬਾਦ ਜਾਣ ਲਈ ਪ੍ਰਭਾਵਿਤ ਕੀਤਾ ਗਿਆ। 18 ਮਹੀਨਿਆਂ ਬਾਅਦ ਉਹ ਭਾਰਤ ਵਾਪਸ ਆ ਗਿਆ ਅਤੇ ਦਰਬਾਰ ਸਾਹਿਬ ਵਿਚ ਰਹਿਣ ਲਗ ਪਿਆ। ਇਹ ਮਹਿਸੂਸ ਕਰਦਿਆਂ ਕਿ ਪੁਲਿਸ ਉਸ ਤੇ ਸ਼ੱਕ ਕਰਦੀ ਹੈ, ਉਹ ਫਿਰ ਆਗਰੇ ਚਲਾ ਗਿਆ ਅਤੇ ਫਿਰ ਗਵਾਲੀਅਰ।

ਉਥੇ ਵੀ ਉਸਦੇ ਅੱਤਵਾਦੀਆਂ ਨਾਲ ਸਬੰਧ ਸਨ : ਉਸਦਾ ਇਕ ਸਹਿਯੋਗੀ ਜਸਪਾਲ ਭੱਟੀ ਗਵਾਲੀਅਰ ਤੋਂ 40 ਕਿਲੋਮੀਟਰ, ਮੋਹਮੰਨਾ ਵਿਖੇ ਇਕ ਮੁਕਾਬਲੇ ਵਿਚ ਮਾਰਿਆ ਗਿਆ, ਪ੍ਰੰਤੂ ਉਹ ਆਪ ਬਚ ਨਿਕਲਿਆ। ਉਹ ਇਕ ਬਸ ਡਰਾਈਵਰ ਵਜੋਂ ਕੰਮ ਕਰ ਰਿਹਾ ਸੀ, ਉਸ ਵੇਲੇ ਉਸ ਦੀ ਪਤਨੀ ਅਤੇ ਤਿੰਨ ਬੱਚੇ ਸਨ ਜਦੋਂ ਉਸ ਨੂੰ ਗਵਾਲੀਅਰ ਪੁਲਿਸ ਨੇ ਗਿਰਫਤਾਰ ਕਰ ਲਿਆ।

ਲੇਕਿਨ, ਉਸ ਨੂੰ ਪੰਜਾਬ ਪੁਲਿਸ ਨੇ ਕਈ ਸਾਲ ਪਹਿਲਾਂ "ਮਾਰ"

ਦਿੱਤਾ ਸੀ ਅਤੇ ਇਸ ਨੇਕ ਕੰਮ ਲਈ 5 ਲੱਖ ਰੁਪਏ ਦਾ ਇਨਾਮ ਦਿੱਤਾ ਗਿਆ ਸੀ।

ਭੂਤ ਨੰਬਰ 4 ਅਕਤੂਬਰ 1998 ਵਿਚ ਆ ਖੜ੍ਹਾ ਹੋਇਆ। ਗੁਰਨਾਮ ਸਿੰਘ ਬੰਡਾਲਾ, ਇਕ ਚੋਟੀ ਦਾ ਆਤੰਕਵਾਦ, ਜਿਸ ਨੂੰ ਪਹਿਲਾਂ 29 ਜੁਲਾਈ, 1994 ਨੂੰ ਇਕ ਮੁਕਾਬਲੇ ਵਿਚ ਮਾਰਿਆ ਗਿਆ ਦਿਖਾਇਆ ਗਿਆ ਸੀ, ਦੇ ਸਬੰਧ ਵਿਚ ਪੁਲਿਸ ਦੁਆਰਾ ਅਕਤੂਬਰ, 1998 ਵਿਚ ਪਕੜੇ ਜਾਣ ਦਾ ਦਾਅਵਾ ਕੀਤਾ ਗਿਆ। ਇਸ ਨਾਲ ਪੁਲਿਸ ਦੁਆਰਾ ਅਣਪਛਾਤੀਆਂ ਲਾਸ਼ਾਂ ਦੇ ਸਸਕਾਰ ਕੀਤੇ ਜਾਣ ਦੇ ਦੋਸ਼ ਸਬੰਧੀ ਰਹੱਸ ਵਿਚ ਇਜ਼ਾਫਾ ਹੋਇਆ।

ਜਾਪਦਾ ਹੈ ਕਿ ਇੰਜ ਹੋਇਆ ਕਿ 29 ਜੁਲਾਈ, 1994 ਨੂੰ ਮੁਕਾਬਲੇ ਵਿਚ ਮਾਰੇ ਗਏ ਵਿਅਕਤੀ ਦੀ ਸਹੀ ਤਰੀਕੇ ਨਾਲ ਸ਼ਨਾਖ਼ਤ ਨਹੀਂ ਕੀਤੀ ਗਈ ਸੀ। ਜਿਵੇਂ ਕਿ ਲੋੜੀਂਦਾ ਹੈ ਉਸ ਦੀ ਲਾਸ਼ ਦੀ ਸ਼ਿਨਾਖ਼ਤ ਦੋ ਜ਼ਿੰਮੇਵਾਰ ਵਿਅਕਤੀਆਂ ਜਾਂ ਰਿਸ਼ਤੇਦਾਰਾਂ ਪਾਸੋਂ ਨਹੀਂ ਕਰਵਾਈ ਗਈ ਸੀ। ਨਾ ਹੀ ਪੋਸਟ-ਮਾਰਟਮ ਹੀ ਕਰਵਾਇਆ ਗਿਆ। ਦਿਲਚਸਪੀ ਦੀ ਗੱਲ ਇਹ ਹੈ ਕਿ ਮਿਉਂਸਿਪਲ ਕੌਂਸਲ ਦੇ ਸੈਨਿਟਰੀ ਵਿਭਾਗ ਦਾ ਰਿਕਾਰਡ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਮਿਰਤਕ ਦੀ ਲੋਥ ਦਾ ਸਸਕਾਰ ਲਾਵਾਰਿਸ ਵਜੋਂ ਕੀਤਾ ਗਿਆ ਸੀ। ਉਸਦੇ ਮਾਪੇ ਫ਼ੋਟੋ ਤੋਂ ਲਾਸ਼ ਦੀ ਪਹਿਚਾਣ ਨਾ ਕਰ ਸਕੇ ਅਤੇ ਫਿਰ ਵੀ ਅਣਪਛਾਤੀ ਲਾਸ਼ ਦੇ ਸਬੰਧ ਵਿਚ ਸੰਦੇਹ ਹੋਣ ਦੇ ਬਾਵਜੂਦ, ਡੀ ਐਸ ਪੀ ਜਸਪਾਲ ਸਿੰਘ ਦੀ, ਦਿਲੇਰੀ ਦਿਖਾਉਣ ਲਈ ਪ੍ਰਸ਼ੰਸਾ ਕੀਤੀ ਗਈ ਅਤੇ ਉਸਦੇ ਨਾਂ ਦੀ ਬਹਾਦਰੀ ਲਈ ਪੁਲਿਸ ਮੈਡਲ ਲਈ ਸਿਫ਼ਾਰਸ਼ ਕੀਤੀ ਗਈ। ਪੁਲਿਸ ਵਾਲਿਆਂ ਨੂੰ ਗੁਰਨਾਮ ਸਿੰਘ ਬੰਡਾਲਾ ਨੂੰ ਖ਼ਤਮ ਕਰਨ ਲਈ ਬਹੁਤ ਵੱਡੀ ਰਕਮ ਵੰਡੀ ਗਈ।

ਹਰਪ੍ਰੀਤ, ਸ਼ੰਮਾ ਅਤੇ ਭੁਪਿੰਦਰ ਦੇ ਕੇਸ ਹੈਰਾਨੀ ਵਿਚ ਪਾਉਂਦੇ ਹਨ ਕਿ ਹੋਰ ਕਿੰਨੇ ਕੁ ਵਿਅਕਤੀ ਭਾਰਤ ਦੇ ਦੂਰ ਦੂਰ ਦੇ ਕੋਨਿਆਂ ਅਤੇ ਸੰਸਾਰ ਦੇ ਹੋਰਨਾਂ ਭਾਗਾਂ ਵਿਚ ਘੁੰਮ ਰਹੇ ਹੋਣਗੇ। ਉਨ੍ਹਾਂ ਵਿਚੋਂ ਕਈ ਤਾਂ ਸਚਮੁਚ ਜੀ ਜੁਰਮਾਂ ਦੇ ਦੋਸ਼ੀ ਹੋਣਗੇ, ਜਾਂ ਕਿਸੇ ਵੀ ਸਮੇਂ ਉਨ੍ਹਾਂ ਨੂੰ ਸਮਾਜ ਲਈ ਖ਼ਤਰਾ ਸਮਝਿਆ ਜਾ ਸਕਦਾ ਹੈ। ਪਰ ਜੇਕਰ ਨਹੀਂ ਵੀ ਹਨ ਤਾਂ ਫਿਰ ਵੀ ਉਨ੍ਹਾਂ ਕੋਲ ਸੁਣਾਉਣ ਲਈ ਦਿਲਚਸਪ ਕਹਾਣੀਆਂ ਤਾਂ ਹੋਣਗੀਆਂ। ਪ੍ਰੰਤੂ ਅਗਰ ਇਹ "ਮਰੇ ਕਰਾਰ ਦਿੱਤੇ ਲੋਕ" ਅਸਲ ਵਿਚ ਮਰੇ ਨਹੀਂ ਹਨ, ਤਾਂ ਸਭ ਤੋਂ ਵੱਡਾ ਸਵਾਲ ਇਹ ਪੈਦਾ ਹੁੰਦਾ ਹੈ ਕਿ "ਪੁਲਿਸ ਨੇ ਕਿਸ ਨੂੰ ਮਾਰਿਆ?" ਅਦਾਲਤਾਂ ਦਾ ਇਹ ਫਰਜ਼ ਬਣਦਾ ਹੈ ਕਿ ਉਹ ਇਸ ਸਵਾਲ ਨੂੰ ਗੰਭੀਰਤਾ ਨਾਲ ਲੈਣ।

*"ਗੁੰਮ ਵਿਅਕਤੀ"*

1993 ਦੇ ਲਗਭਗ ਸ਼ੁਰੂ ਵਿਚ, ਜਦੋਂ ਅੰਤਰਰਾਸ਼ਟਰੀ ਸੰਸਥਾਵਾਂ ਨੇ

ਵਿਸ਼ੇਸ਼ ਵਿਅਕਤੀਆਂ "ਗੁੰਮ ਹੋਏ ਵਿਅਕਤੀਆਂ" ਬਾਰੇ ਪੁੱਛ-ਪੜਤਾਲਾਂ ਕਰਨੀਆਂ ਸ਼ੁਰੂ ਕੀਤੀਆਂ, ਤਾਂ ਪੁਲਿਸ ਦੁਆਰਾ ਦਿੱਤੀਆਂ ਗਈਆਂ ਇਸ਼ਤਿਹਾਰਬਾਜ਼ੀਆਂ ਅਖਬਾਰਾਂ ਵਿਚ ਛਪਣੀਆਂ ਸ਼ੁਰੂ ਹੋ ਗਈਆਂ।

ਮਈ, 1995 ਵਿਚ **ਇੰਡੀਅਨ ਐਕਸਪ੍ਰੈਸ** ਵਿਚ ਛਪਿਆ ਇਕ ਇਸ਼ਤਿਹਾਰ ਆਪਣੇ-ਆਪ ਵਿਚ ਇਕ ਮਿਸਾਲ ਹੈ :

"ਇਕ ਸੁਖਵਿੰਦਰ ਸਿੰਘ ਭੱਟੀ ਸਪੁੱਤਰ ਤਾਰਾ ਸਿੰਘ, ਪਿੰਡ ਬਡਬੜ, ਥਾਣਾ ਧਨੌਲਾ, ਜ਼ਿਲ੍ਹਾ ਸੰਗਰੂਰ ਨੂੰ 12.5.94 ਨੂੰ ਕੁਝ ਅਣ-ਪਛਾਤੇ ਹਥਿਆਰਬੰਦ ਵਿਅਕਤੀਆਂ ਦੁਆਰਾ ਅਗਵਾ ਕੀਤਾ ਗਿਆ। ਭਾਰਤੀ ਦੰਡ ਸੰਘਤਾ ਦੀ ਧਾਰਾ 364 ਅਧੀਨ ਕੇਸ ਦਰਜ ਕੀਤਾ ਗਿਆ - ਉਸ ਦਾ ਕੱਦ 5'-9", ਉਮਰ 40-45 ਸਾਲ, ਰੰਗ ਕਣਕਵੰਨਾ, ਪੈਂਟ, ਕਮੀਜ਼ ਅਤੇ ਗਾਤਰਾ ਪਹਿਨਿਆ ਹੋਇਆ ਹੈ। ਉਸ ਵਿਅਕਤੀ ਨੂੰ ਢੁਕਵਾਂ ਇਨਾਮ ਦਿੱਤਾ ਜਾਵੇਗਾ ਜਿਹੜਾ ਅਗਵਾ ਕੀਤੇ ਗਏ ਵਿਅਕਤੀ ਦਾ ਕੋਈ ਖੁਰਾ-ਖੋਜ ਦੱਸੇਗਾ। ਹਸਤਾਖਰ - ਐਸ ਐਸ ਪੀ, ਪੁਲਿਸ ਜ਼ਿਲ੍ਹਾ ਬਰਨਾਲਾ।" ("ਇਕ ਸੁਖਵਿੰਦਰ ਸਿੰਘ ਭੱਟੀ" ਨਾਲੋਂ ਭੱਟੀ ਵਜੋਂ ਹਵਾਲਾ ਦੇਣਾ ਨਿਸ਼ਚੇ ਹੀ ਅੱਛਾ ਸੀ।)

ਸਤੰਬਰ, 1994 ਵਿਚ, ਸੁਪਰੀਮ ਕੋਰਟ ਦੁਆਰਾ ਉਸ ਨੂੰ ਸਜ਼ਾ ਦੇਣ ਤੋਂ ਬਾਅਦ (ਹਵਾਲਾ: ਗ਼ੈਰ-ਨਿਆਂਇਕ ਹੱਤਿਆਵਾਂ ਸਿਰਲੇਖ ਅਧੀਨ ਕਥੂਨੰਗਲ ਅਗਵਾ ਕੇਸ), ਗਿੱਲ ਨੇ ਇਸ ਸਪੱਸ਼ਟ ਕਰਨ ਲਈ ਕਹਾਣੀਆਂ ਘੜਨੀਆਂ ਸ਼ੁਰੂ ਕਰ ਦਿੱਤੀਆਂ ਕਿ ਗੁੰਮ ਹੋਏ ਵਿਅਕਤੀਆਂ ਨੂੰ ਕੀ ਹੋ ਗਿਆ। 16 ਜਨਵਰੀ, 1995 ਨੂੰ ਉਸ ਨੇ ਪ੍ਰੈਸ ਨੂੰ ਦਸਿਆ ਕਿ ਸਰਕਾਰ "ਉਨ੍ਹਾਂ ਹਜ਼ਾਰਾਂ ਸਿੱਖ ਨੌਜਵਾਨਾਂ ਜਿਨ੍ਹਾਂ ਨੂੰ ਗੁੰਮ ਗਏ ਅਤੇ ਕਿਆਸ ਕੀਤਾ ਹੈ ਕਿ ਉਹ ਮਰ ਗਏ ਹਨ" ਦੀ ਸਮੱਸਿਆ ਵਿਚ ਫਸ ਗਈ ਹੈ। ਉਸ ਨੇ ਕਿਹਾ ਕਿ ਦਰਅਸਲ ਉਹ ਫਰਜ਼ੀ ਨਾਵਾਂ ਅਤੇ ਦਸਤਾਵੇਜ਼ਾਂ ਤੇ ਬਾਹਰਲੇ ਮੁਲਕਾਂ ਨੂੰ ਚਲੇ ਗਏ ਹਨ ਅਤੇ ਇਹ ਕਿ ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਪਤਾ ਹੈ ਕਿ ਉਹ ਕਿਥੇ ਹਨ ਅਤੇ ਅਜਿਹੇ ਵਿਅਕਤੀ ਆਪਣੇ ਨਾਂ ਅਤੇ ਪਤੇ ਬਦਲ ਬਦਲ ਕੇ ਇਕ ਦੇਸ਼ ਤੋਂ ਦੂਜੇ ਦੇਸ਼ ਵਿਚ ਚਲੇ ਜਾਂਦੇ ਹਨ।

*"ਅਣਪਛਾਤੇ ਖਾੜਕੂ"*

ਹਿਰਾਸਤ ਵਿਚ ਰੱਖ ਕੇ ਕਿਸੇ ਵਿਅਕਤੀ ਨੂੰ ਮਾਰਨ ਦਾ ਇਕ ਹੋਰ ਸੌਖਾ ਤਰੀਕਾ ਇਹ ਹੈ ਕਿ ਵਿਅਕਤੀ ਨੂੰ ਕਿਸੇ ਦੂਜੇ ਜ਼ਿਲ੍ਹੇ ਵਿਚ ਲੈ ਜਾਓ, ਉਸ ਨੂੰ ਮਾਰ ਦਿਓ, ਉਸ ਦੀ ਲਾਸ਼ ਦੇ ਨਾਲ ਇਕ ਹਥਿਆਰ ਰੱਖ ਦਿਓ ਅਤੇ ਫਿਰ ਲੋਕਾਂ ਨੂੰ ਲਾਸ਼ ਦੀ ਪਹਿਚਾਣ ਕਰਨ ਲਈ ਬੁਲਾ ਲਓ। ਜਦੋਂ ਕੋਈ ਵੀ ਲਾਸ਼ ਨੂੰ ਨਹੀਂ ਪਚਿਾਣੇਗਾ ਤਾਂ ਉਸ ਨੂੰ "ਅਣਪਛਾਤਾ ਅੱਤਵਾਦੀ ਜਿਹੜਾ ਇਕ ਮੁਕਾਬਲੇ ਵਿਚ ਮਾਰਿਆ ਗਿਆ" ਐਲਾਨ ਕੀਤਾ ਜਾ ਸਕਦਾ ਹੈ। ਲਾਸ਼ ਪੋਸਟ-ਮਾਰਟਮ ਲਈ ਹਸਪਤਾਲ ਭੇਜ ਦਿੱਤੀ ਜਾਵੇਗੀ ਅਤੇ ਬਾਅਦ ਵਿਚ

ਜਲਦੀ ਸਸਕਾਰ ਕਰਨ ਲਈ ਮਿਉਂਸਿਪੈਲਿਟੀ ਨੂੰ ਭੇਜ ਦਿੱਤੀ ਜਾਵੇਗੀ।

ਪੰਜਾਬ ਅਸੈਂਬਲੀ ਵਿਚ ਇਕ ਨਿਸ਼ਾਨ ਵਾਲੇ ਪ੍ਰਸ਼ਨ ਦੇ ਉੱਤਰ ਵਿਚ ਮੁੱਖ ਮੰਤਰੀ ਬੇਅੰਤ ਸਿੰਘ ਨੇ ਪੁਸ਼ਟੀ ਕੀਤੀ ਕਿ ਪੰਜਾਬ ਦੇ ਇਕੱਲੇ ਇੱਕੋ ਜ਼ਿਲ੍ਹੇ ਵਿਚ 1991 ਦੌਰਾਨ ਮਾਰੇ ਗਏ 150 ਖਾੜਕੂਆਂ ਵਿਚੋਂ, 87 ਅਣਪਛਾਤੇ ਰਹੇ। ਅਣਪਛਾਤੇ ਖਾੜਕੂਆਂ ਦੀਆਂ ਫੋਟੋਆਂ ਵੀ ਅਖਬਾਰਾਂ ਵਿਚ ਨਹੀਂ ਛਪਵਾਈਆਂ ਗਈਆਂ, ਜਿਵੇਂ ਕਾਨੂੰਨ ਮੁਤਾਬਕ ਲੋੜੀਂਦਾ ਹੈ।

1989 ਵਿਚ ਪੁਲਿਸ ਨੇ ਮੁਹਾਲੀ ਵਿਖੇ ਇਕ ਘਰੋਂ ਖਾਲਸਾ ਹਾਈ ਸਕੂਲ, ਖਰੜ ਦੇ ਪ੍ਰਿੰਸੀਪਲ ਤਰਲੋਚਨ ਸਿੰਘ ਦੇ ਪੁੱਤਰ ਕੁਲਵਿੰਦਰ ਸਿੰਘ ਕਿੱਡ, ਜਿਹੜਾ ਆਪਣੀ ਸੱਤ ਮਹੀਨਿਆਂ ਦੀ ਗਰਭਵਤੀ ਪਤਨੀ ਨਾਲ ਰਹਿ ਰਿਹਾ ਸੀ, ਨੂੰ ਚੁੱਕ ਲਿਆ। ਬਾਅਦ ਵਿਚ ਪੁਲਿਸ ਨੇ ਐਲਾਨ ਕੀਤਾ ਕਿ ਰੋਪੜ ਨੇੜੇ ਕਿਸੇ ਥਾਂ ਤੇ ਦੋ ਅਣਪੜਛਾਤੇ ਅੱਤਵਾਦੀ ਮਾਰੇ ਗਏ ਹਨ। ਤਰਲੋਚਨ ਸਿੰਘ ਨੇ ਸ਼ੱਕ ਕੀਤਾ ਕਿ ਉਨ੍ਹਾਂ ਵਿਚੋਂ ਸ਼ਾਇਦ ਇਕ ਉਸਦਾ ਪੁੱਤਰ ਹੋਵੇ, ਪ੍ਰੰਤੂ ਜਦੋਂ ਉਹ ਲਾਸ਼ ਦੀ ਪਹਿਚਾਨ ਕਰਨ ਗਿਆ ਤਾਂ ਪੁਲਿਸ ਨੇ ਅਜਿਹਾ ਕਰਨ ਤੋਂ ਰੋਕ ਦਿੱਤਾ।

ਉਹ ਮਨੁੱਖੀ ਅਧਿਕਾਰਾਂ ਦੇ ਕਾਰਜਕਰਤਾ (ਜਸਟਿਸ ਅਜੀਤ ਸਿੰਘ ਬੈਂਸ ਅਤੇ ਇਸ ਪੁਸਤਕ ਦੇ ਲੇਖਕ) ਨੂੰ ਮਿਲਿਆ ਅਤੇ ਉਸ ਨੇ ਉਨ੍ਹਾਂ ਨੂੰ ਆਪਣੇ ਪੁੱਤਰ ਦਾ ਹੁਲੀਆ ਦਿੱਤਾ। ਉਹ ਰੋਪੜ ਹਸਪਤਾਲ ਗਏ ਜਿਥੇ ਲਾਸ਼ਾਂ ਮੁਰਦਾਖਾਨੇ ਵਿਚ ਪਈਆਂ ਸਨ ਪ੍ਰੰਤੂ ਪੁਲਿਸ ਨੇ ਉਨ੍ਹਾਂ ਨੂੰ ਉਥੇ ਜਾਣ ਤੋਂ ਰੋਕ ਦਿੱਤਾ। ਫਿਰ ਉਨ੍ਹਾਂ ਨੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਡੀ.ਐਸ. ਬੈਂਸ ਨੂੰ ਪਹੁੰਚ ਕੀਤੀ ਜਿਸ ਨੇ ਲਾਸ਼ਾਂ ਦੇਖਣ ਦੀ ਆਗਿਆ ਦੇ ਦਿੱਤੀ ਅਤੇ ਹਸਪਤਾਲ ਨੂੰ ਸੂਚਿਤ ਕਰ ਦਿੱਤਾ ਕਿ ਮਨੁੱਖੀ ਅਧਿਕਾਰਾਂ ਦੇ ਕਾਰਜ-ਕਰਤਾਵਾਂ ਨੂੰ ਮਰਦਾਖਾਨੇ ਵਿਚ ਜਾਣ ਦੀ ਆਗਿਆ ਦਿੱਤੀ ਜਾਵੇ। ਪਰੰਤੂ ਮਨੁੱਖੀ ਅਧਿਕਾਰਾਂ ਦੀ ਟੀਮ ਦੇ ਹਸਪਤਾਲ ਪਹੁੰਚਣ ਤੋਂ ਪਹਿਲਾਂ ਹੀ ਪੁਲਿਸ ਉਥੋਂ ਲਾਸ਼ਾਂ ਲੈ ਗਈ।

*"ਮਨੁੱਖੀ ਸ਼ੀਲਡਜ਼"*

ਨਾਗਰਿਕਾਂ ਨੂੰ ਸ਼ੀਲਡ ਵਜੋਂ ਵਰਤਣ ਦੀ ਅੰਤਰ-ਰਾਸ਼ਟਰੀ ਕਾਨੂੰਨ ਅਧੀਨ ਮਨਾਹੀ ਹੈ ਪਰੰਤੂ ਇਸ ਚੀਜ਼ ਦੀ ਵਰਤੋਂ ਸੁਰੱਖਿਆ ਬਲਾਂ ਦੁਆਰਾ ਆਮ ਕੀਤੀ ਜਾਂਦੀ ਰਹੀ ਹੈ।

14 ਜੂਨ, 1992 ਨੂੰ **ਦਿ ਟੈਲੀਗ੍ਰਾਫ** ਵਿਚ ਛਪੀ ਇਕ ਰਿਪੋਰਟ ਤੋਂ ਪਤਾ ਲਗਾ ਕਿ ਭਿੰਡਰਾਂਵਾਲਾ ਟਾਈਗਰ ਫੋਰਸ ਆਫ਼ ਖਾਲਿਸਤਾਨ (ਮਨੋਚਾਹਲ) ਦਾ ਡਿਪਟੀ ਕਮਾਂਡਰ ਸੁਰਜੀਤ ਸਿੰਘ ਅਤੇ ਉਸਦਾ ਸਹਿਯੋਗੀ ਮਦਨ ਸਿੰਘ ਮੱਦੀ ਇਕ ਅਕਾਲੀ ਨੇਤਾ ਮਨਜਿੰਦਰ ਸਿੰਘ ਦੇ ਘਰ ਵਿਚ ਛੁਪੇ ਹੋਏ ਹਨ। (ਇਹ ਮਕਾਨ ਬਹਿਲਾ ਘਟਨਾ ਵਜੋਂ ਮਸ਼ਹੂਰ ਸੀ।) ਪੁਲਿਸ ਨੇ ਇਸ ਮਕਾਨ

ਤੇ 28 ਘੰਟੇ ਗੋਲੀ ਚਲਾਈ। ਇਕ ਮਿਲਟਰੀ ਦੀ ਬਟਾਲੀਅਨ ਅਤੇ ਇਕ ਹੈਲੀਕਾਪਟਰ ਸਮੇਤ 1600 ਸੁਰੱਖਿਆਂ ਕਰਮਚਾਰੀ ਇਸ ਕਾਰਵਾਈ ਵਿਚ ਜੁੱਟੇ ਸਨ ਅਤੇ ਇਸ ਕਾਰਵਾਈ ਦੀ ਵੀਡੀਓ ਫਿਲਮ ਵੀ ਬਣੀ ਸੀ! ਪੂਰੇ ਦਿਨ ਤੋਂ ਵੀ ਵੱਧ ਸਮਾਂ ਗੋਲੀ ਚਲਾਉਣ ਤੋਂ ਬਾਅਦ ਸੁਰੱਖਿਆ ਬਲਾਂ ਨੇ ਅੰਦਰ ਜਾਣ ਦਾ ਫੈਸਲਾ ਕੀਤਾ। ਖਾੜਕੂਆਂ ਨੇ ਅੰਦਰ ਆ ਰਹੇ ਸੁਰੱਖਿਆ ਕਰਮਚਾਰੀਆਂ ਤੇ ਗੋਲੀਆਂ ਦੀ ਬੁਛਾੜ ਕਰ ਦਿੱਤੀ।

ਜਦੋਂ ਇਹ ਸਾਰੀ ਕਾਰਵਾਈ ਬੰਦ ਹੋ ਗਈ ਤਾਂ ਪੁਲਿਸ ਨੇ ਦਾਅਵਾ ਕੀਤਾ ਕਿ ਸੁਰਜੀਤ ਸਿੰਘ ਬਹਿਲਾ, ਬੀ.ਟੀ.ਐਫ.ਕੇ ਦਾ ਡਿਪਟੀ ਚੀਫ਼, ਮਦਨ ਸਿੰਘ ਮੱਦੀ, ਨਰੰਜਣ ਸਿੰਘ, ਖਾੜਕੂ ਗੁੱਟ ਦਾ ਸਲਾਹਕਾਰ, ਸਕੱਤਰ ਸਿੰਘ, ਇਕ ਏਰੀਆ ਕਮਾਂਡਰ ਅਤੇ ਪੰਜ ਹੋਰ ਅਣਪਛਾਤੇ ਖਾੜਕੂ 28-ਘੰਟਿਆਂ ਦੇ ਮੁਕਾਬਲੇ ਵਿਚ ਮਾਰੇ ਗਏ ਹਨ ਜਦ ਕਿ ਕੋਈ ਸਿਵਿਲਿਅਨ ਮਰਿਆ ਅਤੇ ਜ਼ਖਮੀ ਨਹੀਂ ਹੋਇਆ।

ਤਰਨ ਤਾਰਨ ਦੇ ਐਸ ਐਸ ਪੀ ਨੇ ਦਾਅਵਾ ਕੀਤਾ ਕਿ ਮਕਾਨ ਦੇ ਹੇਠਾਂ ਇਕ ਬੰਕਰ ਵਿਸ਼ੇਸ਼ ਤੌਰ ਤੇ ਬਣਾਈ ਗਈ ਹੈ। ਸਿਰਫ ਤਿੰਨ ਹਥਿਆਰ ਹੀ ਬਰਾਮਦ ਕੀਤੇ ਗਏ ਸਨ ਪਰੰਤੂ ਪੁਲਿਸ ਨੇ ਦਾਅਵਾ ਕੀਤਾ ਕਿ ਮਲਬਾ ਉਠਾਉਣ ਤੋਂ ਬਾਅਦ ਹੋਰ ਹਥਿਆਰ ਮਿਲਣਗੇ। ਬਾਅਦ ਵਿਚ ਵੇਰਵੇ ਤੋਂ ਪਤਾ ਲਗਾ ਕਿ ਇਕ ਏਕੇ-47, ਇਕ ਮੌਜ਼ਰ ਪਿਸਤੌਲ ਅਤੇ ਇਕ ਐਸ ਐਲ ਆਰ ਬਰਾਮਦ ਕੀਤੀ ਗਈ ਸੀ। ਐਸ ਐਲ ਆਰ, ਡੋਗਰਾ ਰੈਜਮੈਂਟ ਦੇ ਇਕ ਜਵਾਨ, ਜਿਹੜਾ ਮੁਕਾਬਲੇ ਵਿਚ ਮਾਰਿਆ ਗਿਆ ਸੀ, ਪ੍ਰਕਾਸ਼ ਚੰਦ ਦੀ ਸੀ।

ਜਦੋਂ ਪੱਤਰਕਾਰ ਬਹਿਲਾ ਵਿਚ ਗਏ ਤਾਂ ਜੋ ਕੁਝ ਉਨ੍ਹਾਂ ਦੇਖਿਆ ਉਹ ਪੁਲਿਸ ਦੇ ਪੱਖ ਨਾਲ ਮੇਲ ਨਹੀਂ ਖਾਂਦਾ ਸੀ। ਉਥੇ ਕੋਈ ਬੰਕਰ ਨਹੀਂ ਸੀ ਅਤੇ ਨਾ ਹੀ ਕੋਈ ਹੋਰ ਹਥਿਆਰ ਮਿਲੇ ਸਨ। ਪਿੰਡ ਦੇ ਵਾਸੀਆਂ ਨੇ ਉਸ ਘਟਨਾ ਵਿਚ ਮਾਰੇ ਗਏ ਨੌਂ ਵਿਅਕਤੀਆਂ ਵਿਚੋਂ ਪੰਜ ਦੀ ਸਾਧਾਰਣ ਪੇਂਡੂਆਂ, ਜਿਨ੍ਹਾਂ ਦੇ ਖਾੜਕੂਆਂ ਨਾਲ ਕੋਈ ਸਬੰਧ ਨਹੀਂ ਸਨ, ਵਜੋਂ ਪਹਿਚਾਣ ਕੀਤੀ। ਉਨ੍ਹਾਂ ਨੇ ਉਨ੍ਹਾਂ ਦੀ ਪਹਿਚਾਣ, ਨਰੰਜਣ ਸਿੰਘ ਦੋਧੀ (65) ਇਕ ਡੇਅਰੀ ਫਾਰਮਰ ਅਤੇ ਉਸ ਦਾ ਪੁੱਤਰ ਸਕੱਤਰ ਸਿੰਘ (25), ਇਕ ਗੱਡਾ ਮਾਲਕ, ਕਰਤਾਰ ਸਿੰਘ (35) ਅਤੇ ਦੋ ਕਿਸਾਨ ਅਜੀਤ ਸਿੰਘ (40) ਅਤੇ ਲਖਵਿੰਦਰ ਸਿੰਘ (18) ਅਤੇ ਇਕ ਨੇੜੇ ਤੇੜੇ ਦਾ ਰਾਜ ਮਿਸਤਰੀ, ਵਜੋਂ ਕੀਤੀ। ਇਕ ਹੋਰ ਵਿਅਕਤੀ ਸੀ ਜਿਸ ਦੀ ਪਹਿਚਾਣ ਨਹੀਂ ਸੀ ਹੋ ਸਕਦੀ। ਨਰੰਜਣ ਸਿੰਘ ਦਾ ਦੂਜਾ ਪੁੱਤਰ ਸੁਖਚੈਨ ਸਿੰਘ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ ਸੀ ਅਤੇ ਉਸ ਨੂੰ ਹਸਪਤਾਲ ਲਿਜਾਇਆ ਗਿਆ ਸੀ। ਤਿੰਨ ਹੋਰ ਵਿਅਕਤੀਆਂ ਦੀ ਮਨੁੱਖੀ ਸ਼ੀਲਡ ਵਜੋਂ ਵਰਤੋਂ ਕੀਤੀ ਗਈ ਸੀ ਪਰੰਤੂ ਉਹ ਚਮਤਕਾਰੀ ਤੌਰ ਤੇ ਬਚ ਕੇ ਨਿਕਲ ਗਏ: ਉਹ ਸਨ ਗੁਰਦੀਪ ਸਿੰਘ (65) ਅਤੇ ਉਸ ਦਾ ਪੋਤਰਾ ਭੁਪਿੰਦਰ ਸਿੰਘ (17) ਅਤੇ ਉਥੋਂ ਦੇ ਗਰੰਥੀ ਦਾ ਸਹੁਰਾ।

ਪਿੰਡ ਦੀ ਕਹਾਣੀ ਇਸ ਤਰ੍ਹਾਂ ਹੈ ਕਿ 8 ਜੂਨ, 1992 ਦੀ ਸਵੇਰ ਨੂੰ ਨਿਰੰਜਣ ਸਿੰਘ, ਸਕੱਤਰ ਸਿੰਘ, ਸੁਖਚੈਨ ਸਿੰਘ ਅਤੇ ਇਕ ਰਾਜ ਮਿਸਤਰੀ ਪਿੰਡ ਤੋਂ ਬਾਹਰਵਾਰ ਆਪਣੇ ਟਿਊਬਵੈਲ ਤੇ ਕਮਰਾ ਬਣਾ ਰਹੇ ਸਨ। ਅਜੀਤ ਸਿੰਘ ਇੱਟਾਂ ਦਾ ਗੱਡਾ ਲੈ ਕੇ ਅਜੇ ਆਇਆ ਸੀ। ਪੁਲਿਸ ਅਤੇ ਸੀ ਆਰ ਪੀ ਐਫ ਦੇ ਵਿਅਕਤੀ ਆਏ ਅਤੇ ਉਨ੍ਹਾਂ ਪੰਜਾਂ ਵਿਅਕਤੀਆਂ ਨੂੰ ਮਨਜਿੰਦਰ ਸਿੰਘ ਦੇ ਘਰ ਉਨ੍ਹਾਂ ਦੇ ਨਾਲ ਜਾਣ ਦਾ ਹੁਕਮ ਦਿੱਤਾ। ਰਸਤੇ ਵਿਚ ਭੁਪਿੰਦਰ ਸਿੰਘ ਅਤੇ ਗਰੰਥੀ ਦੇ ਸਹੁਰੇ ਨੂੰ ਵੀ ਉਸ ਪਾਰਟੀ ਦੇ ਨਾਲ ਚਲਣ ਲਈ ਮਜਬੂਰ ਕੀਤਾ।

ਮਕਾਨ ਤੇ ਪਹੁੰਚ ਕੇ ਸੁਰੱਖਿਆ ਬਲਾਂ ਨੇ ਉਨ੍ਹਾਂ ਨੂੰ ਆਪਣੇ ਸਾਹਮਣੇ ਖੜ੍ਹੇ ਕਰ ਲਿਆ ਅਤੇ ਉਨ੍ਹਾਂ ਨੂੰ ਹਰ ਇਕ ਕਮਰਾ ਖੋਲ੍ਹਣ ਅਤੇ ਪਤਾ ਲਗਾਉਣ ਕਿ ਅੰਦਰ ਕੋਈ ਖਾੜਕੂ ਤਾਂ ਨਹੀਂ ਛੁਪਿਆ, ਲਈ ਕਿਹਾ। ਲਗਭਗ ਸਾਰੇ ਕਮਰਿਆਂ ਦੀ ਤਲਾਸ਼ੀ ਲੈਣ ਤੋਂ ਬਾਅਦ ਉਨ੍ਹਾਂ ਨੂੰ ਪੌੜੀਆਂ ਤੇ ਖੜ੍ਹੇ ਰਹਿਣ ਦਾ ਹੁਕਮ ਦਿੱਤਾ। ਹੋਰ ਸੁਰੱਖਿਆ ਕਰਮਚਾਰੀ ਪੌੜੀਆਂ ਚੜ੍ਹ ਕੇ ਉਪਰ ਚਲੇ ਗਏ। ਅਚਾਨਕ ਗੋਲੀਆਂ ਦੀ ਬੁਛਾੜ ਸ਼ੁਰੂ ਹੋ ਗਈ ਜਿਸ ਵਿਚ ਇਕ ਸਿਪਾਹੀ ਸਮੇਤ ਪੰਜ ਜਾਂ ਛੇ ਵਿਅਕਤੀ ਮਾਰੇ ਗਏ।

ਮਕਾਨ ਸਚਮੁਚ ਛਾਣਨੀ ਦੀ ਤਰ੍ਹਾਂ ਦਿਖਾਈ ਦੇ ਰਿਹਾ ਸੀ : ਬਾਹਰਲੀਆਂ ਕੰਧਾਂ ਅਤੇ ਛੱਤ ਵਿਚ ਵੱਡੀਆਂ ਵੱਡੀਆਂ ਮੋਰੀਆਂ ਹੋ ਗਈਆਂ ਸਨ ਅਤੇ ਸਾਰੇ ਪਾਸੇ ਮਲਬਾ ਹੀ ਮਲਬਾ ਸੀ। ਪਿੰਡ ਵਾਲਿਆਂ ਨੇ ਦਸਿਆ ਕਿ ਸੁਰੱਖਿਆ ਬਲਾਂ ਨੇ ਸੁਰਜੀਤ ਸਿੰਘ ਬਹਿਲਾ ਨੂੰ ਆਤਮ-ਸਮਰਪਣ ਕਰਨ ਲਈ ਮਜਬੂਰ ਕਰਨ ਲਈ ਉਸ ਦੀਆਂ ਭੈਣਾਂ ਨੂੰ ਵੀ ਉਥੇ ਲਿਆਂਦਾ ਸੀ ਪਰੰਤੂ ਉਸ ਨੇ ਨਾਂਹ ਕਰ ਦਿੱਤੀ। ਉਸ ਤੋਂ ਇਕ ਦਿਨ ਬਾਅਦ ਅਖਬਾਰ ਵਾਲਿਆਂ ਨੇ ਮਨਜਿੰਦਰ ਸਿੰਘ ਬਹਿਲਾ ਦੇ ਮਕਾਨ ਤੋਂ ਕਣਕ ਦੀਆਂ ਬੋਰੀਆਂ ਅਤੇ ਘਰੇਲੂ ਸਮਾਨ ਨਾਲ ਲੱਦਿਆ ਇਕ ਟਰੱਕ ਸੜਕ ਤੇ ਖੜ੍ਹਾ ਵੇਖਿਆ।

ਪੁਲਿਸ, ਸੀ ਆਰ ਪੀ ਐਫ ਅਤੇ ਆਰਮੀ ਦੇ ਅਫਸਰਾਂ ਨੇ ਪਿੰਡ ਵਾਲਿਆਂ ਦੇ ਪੱਖ ਤੇ ਟਿੱਪਣੀ ਕਰਨ ਲਈ ਪੱਤਰਕਾਰਾਂ ਨੂੰ ਮਿਲਣ ਤੋਂ ਨਾਂਹ ਕਰ ਦਿੱਤੀ ਅਤੇ ਕਿਸੇ ਜਾਂਚ ਦਾ ਹੁਕਮ ਵੀ ਨਾ ਦਿੱਤਾ।

ਐਸ ਐਸ ਪੀ ਅਜੀਤ ਸਿੰਘ ਦੇ ਐਲਾਨ ਕਿ ਜਿਹੜੇ ਮਾਰੇ ਗਏ ਸਨ ਉਹ ਸਾਰੇ ਅੱਤਵਾਦੀ ਬੀ ਟੀ ਐਫ ਕੇ ਨਾਲ ਸਬੰਧ ਰੱਖਦੇ ਸਨ, ਦਾ ਜਾਂਚ ਬਿਊਰੋ ਦੀ ਰਿਪੋਰਟ ਨੇ ਖੰਡਨ ਕਰ ਦਿੱਤਾ। ਜਦੋਂ ਕੇ.ਪੀ.ਐਸ. ਗਿੱਲ ਨੂੰ ਇਸ ਤੇ ਟਿੱਪਣੀ ਕਰਨ ਲਈ ਕਿਹਾ ਗਿਆ ਤਾਂ ਉਸ ਨੇ ਕਿਹਾ ਕਿ ਉਸ ਨੇ ਇਸ ਮਾਮਲੇ ਦੀ ਜਾਂਚ ਕਰਨ ਦਾ ਹੁਕਮ ਦੇ ਦਿੱਤਾ ਹੈ ਅਤੇ "ਹਰ ਹਾਲਤ ਵਿਚ ਨਿਆਂ ਕੀਤਾ ਜਾਵੇਗਾ"। ਪਰੰਤੂ ਕਿਉਂਕਿ ਪੁਲਿਸ ਨੇ ਸ਼ੁਰੂ ਵਿਚ ਹੀ ਸੱਤ ਵਿਅਕਤੀਆਂ ਨੂੰ ਖਾੜਕੂ ਕਰਾਰ ਦੇ ਦਿੱਤਾ ਸੀ, ਉਨ੍ਹਾਂ ਦੇ ਪਰਿਵਾਰ ਕਾਨੂੰਨੀ ਤੌਰ ਤੇ ਕਿਸੇ ਮੁਆਵਜ਼ੇ ਦੇ ਹੱਕਦਾਰ ਨਹੀਂ ਸਨ। ਅਗੋਂ ਕੋਈ

ਕਾਰਵਾਈ ਨਹੀਂ ਕੀਤੀ ਜਾਪਦੀ।

9 ਅਗਸਤ, 1992 ਨੂੰ ਜ਼ਿਲ੍ਹਾ ਸੰਗਰੂਰ ਵਿਚ ਪਿੰਡ ਗੋਬਿੰਦਪੁਰਾ ਜਵਾਹਰਵਾਲਾ ਵਿਖੇ ਇਕ ਹੋਰ ਘਟਨਾ ਵਾਪਰੀ। ਕੋਈ 12.30 ਵਜੇ ਬਾਅਦ ਦੁਪਹਿਰ, ਪੰਜਾਬ ਪੁਲਿਸ, ਸੀ ਆਰ ਪੀ ਐਫ, ਬੀ ਐਸ ਐਫ ਅਤੇ ਫੌਜ ਦੇ ਬਹੁਤ ਸਾਰੇ ਕਰਮਚਾਰੀਆਂ ਨੇ ਪਿੰਡ ਨੂੰ ਘੇਰਾ ਪਾ ਲਿਆ ਜਿਥੇ ਖਾੜਕੂ ਗੁੱਟਾਂ ਦੇ ਕੁਝ ਮੈਂਬਰਾਂ ਨੇ ਪਨਾਹ ਲਈ ਹੋਈ ਸੀ। ਖਾੜਕੂਆਂ ਅਤੇ ਸੁਰੱਖਿਆ ਬਲਾਂ ਵਿਚਕਾਰ ਘੰਟਾ ਭਰ ਹੋਈ ਲੜਾਈ ਵਿਚ ਇਕ ਖਾੜਕੂ ਮਾਰਿਆ ਗਿਆ। ਜਦੋਂ ਗੋਲੀ ਚਲਣੀ ਬੰਦ ਹੋ ਗਈ ਤਾਂ ਪੁਲਿਸ ਨੇ ਪਿੰਡ ਦੇ ਗਰਦੁਆਰੇ ਦੇ ਲਾਊਡ ਸਪੀਕਰ ਤੋਂ ਐਲਾਨ ਕੀਤਾ ਕਿ ਸਾਰੇ ਲੋਕ ਪਿੰਡ ਦੇ ਸਕੂਲ ਵਿਚ ਇਕੱਠੇ ਹੋ ਜਾਣ। ਉਥੋਂ ਸੁਰੱਖਿਆ ਬਲਾਂ ਨੇ 16 ਨੌਜਵਾਨ ਵਿਅਕਤੀ ਚੁੱਕ ਲਏ।

ਉਨ੍ਹਾਂ ਵਿਚੋਂ ਇਕ ਪੀ. ਸਿੰਘ ਜਿਸ ਦੀ ਉਮਰ 26 ਸਾਲ ਸੀ ਨੇ ਦੱਸਿਆ: "ਸਾਨੂੰ ਸਾਰਿਆਂ ਨੂੰ ਸੁਰੱਖਿਆ ਬਲਾਂ ਨੇ ਸਕੂਲ ਤੋਂ ਆਪਣੇ ਪਿੱਛੇ ਆਉਣ ਲਈ ਕਿਹਾ। ਜਦੋਂ ਅਸੀਂ ਪਿੰਡ ਦੇ ਵਿਚਕਾਰ ਪਹੁੰਚੇ ਤਾਂ ਚਾਰ-ਚਾਰ ਗਰੁੱਪਾਂ ਵਿਚ ਵੰਡ ਦਿੱਤਾ ਗਿਆ ਅਤੇ ਚਾਰ ਜਾਂ ਪੰਜ ਸੁਰੱਖਿਆ ਬਲਾਂ ਦੇ ਕਰਮਚਾਰੀ ਸਾਡੇ ਪਿੱਛੇ ਪਿੱਛੇ ਸਨ। ਸਾਨੂੰ ਹਰੇਕ ਘਰ ਦੀ ਤਲਾਸ਼ੀ ਲੈਣ ਲਈ ਕਿਹਾ ਗਿਆ ਅਤੇ ਉਹ ਬਾਹਰ ਖੜ੍ਹੇ ਇੰਤਜ਼ਾਰ ਕਰਦੇ ਰਹੇ। ਅਸੀਂ ਉਨ੍ਹਾਂ ਨੂੰ ਪਤਾ ਦੇਣਾ ਸੀ ਕਿ ਕੀ ਅੰਦਰ ਕੋਈ ਅੱਤਵਾਦੀ ਤਾਂ ਨਹੀਂ ਹਨ ਨਹੀਂ ਤਾਂ ਸਾਨੂੰ ਮਾਰ ਦਿੱਤਾ ਜਾਵੇਗਾ। ਉਨ੍ਹਾਂ ਨੇ ਇਹ ਵੀ ਕਿਹਾ ਕਿ ਨਾਂਹ ਕੀਤੀ ਜਾਂ ਭੱਜੇ ਤਾਂ ਉਹਾਨੂੰ ਮਾਰ ਦਿੱਤਾ ਜਾਵੇਗਾ। ਹਰ ਇਕ ਗਰੁੱਪ ਨੂੰ ਲਗਭਗ 15 ਘਰਾਂ ਦੀ ਤਲਾਸ਼ੀ ਲੈਣ ਲਈ ਕਿਹਾ ਗਿਆ ਸੀ।"

ਉਨ੍ਹਾਂ ਵਿਚੋਂ ਇਕ ਲੜਕੇ ਐਮ. ਸਿੰਘ ਨੇ ਦੱਸਿਆ : "6.30 ਵਜੇ ਸ਼ਾਮ ਨੂੰ ਇਕ ਮਕਾਨ ਵਿਚੋਂ ਗੋਲੀ ਚਲਣੀ ਸ਼ੁਰੂ ਹੋਈ ਜਿਸ ਵਿਚ ਇਕ ਖਾੜਕੂ ਛੁਪਿਆ ਹੋਇਆ ਸੀ। ਮੈਂ ਕੰਧ ਉਹਲੇ ਲੁਕ ਗਿਆ। ਫਿਰ ਮੈਂ ਸੁਣਿਆ ਕਿ ਇਕ ਹੋਰ ਖਾੜਕੂ ਮਾਰ ਦਿੱਤਾ ਗਿਆ ਹੈ। ਏਨੇ ਵਿਚ ਦੋ ਨੂੰ ਛੱਡ ਕੇ ਬਾਕੀ ਸਾਰਿਆਂ, ਜਿਨ੍ਹਾਂ ਨੂੰ ਘਰਾਂ ਦੀ ਤਲਾਸ਼ੀ ਲੈਣ ਦਾ ਹੁਕਮ ਦਿੱਤਾ ਗਿਆ ਸੀ, ਨੂੰ ਘਰ ਜਾਣ ਦੀ ਆਗਿਆ ਦੇ ਦਿੱਤੀ ਗਈ। ਉਨ੍ਹਾਂ ਦੋਹਾਂ ਨੂੰ 7.30 ਵਜੇ ਰਾਤ ਤਕ ਕੁਝ ਘਰਾਂ ਦੀ ਤਲਾਸ਼ੀ ਲੈਣ ਲਈ ਕਿਹਾ ਗਿਆ।

ਸੁਰੱਖਿਆ ਬਲਾਂ ਨੇ ਅਗਲੇ ਅਤੇ ਉਸ ਤੋਂ ਅਗਲੇ ਦਿਨ ਪਿੰਡ ਨੂੰ ਘੇਰਾ ਪਾਈ ਰਖਿਆ। 11 ਅਗਸਤ ਨੂੰ 32 ਵਿਅਕਤੀਆਂ ਨੂੰ ਘਰਾਂ ਦੀ ਤਲਾਸ਼ੀ ਲੈਣ ਲਈ ਕਿਹਾ ਗਿਆ। ਉਨ੍ਹਾਂ ਨੂੰ 7.00 ਵਜੇ ਰਾਤ ਨੂੰ ਛੱਡਿਆ, ਜਦੋਂ ਸੁਰੱਖਿਆਂ ਬਲਾਂ ਨੇ ਉਨ੍ਹਾਂ ਨੂੰ ਕਿਹਾ : "ਤੁਹਾਡੇ ਵਿਚੋਂ ਉਹ ਕੋਈ ਨਹੀਂ ਹੈ ਜਿਹੜਾ ਸਾਨੂੰ ਚਾਹੀਦਾ ਹੈ।" ਉਸ ਤੋਂ ਕਈ ਦਿਨ ਬਾਅਦ ਪਿੰਡ ਦੇ ਕਈ ਲੋਕਾਂ ਨੂੰ ਫੜ ਕੇ ਤਸੀਹੇ ਦਿੱਤੇ ਗਏ।

ਗੋਬਿੰਦਪੁਰਾ ਜਵਾਹਰਵਾਲਾ ਦੀਆਂ ਘਟਨਾਵਾਂ ਮਨੁੱਖੀ ਅਧਿਕਾਰਾਂ ਲਈ **ਏਸ਼ੀਆ ਵਾਚ / ਏਸ਼ੀਆ** ਅਤੇ **ਫਿਜ਼ੀਸ਼ਿਅਨਜ਼ ਫਾਰ ਹਿਊਮਨ ਰਾਈਟਸ** ਦੇ ਕਾਰਜਕਰਤਾਵਾਂ ਨੂੰ ਦੱਸੀਆਂ ਗਈਆਂ, ਜਿਨ੍ਹਾਂ ਨੂੰ ਐਮ ਐਸ ਐਸ ਆਰ 1993 ਵਿਚ ਉਸ ਪਿੰਡ ਨੂੰ ਲੈ ਕੇ ਗਈ ਸੀ।

*"ਡੋਬਣ ਨਾਲ ਮੌਤਾਂ*

ਲਾਸ਼ਾਂ ਨੂੰ ਦਰਿਆਵਾਂ ਅਤੇ ਨਹਿਰਾਂ ਵਿਚ ਸੁੱਟਣਾ ਆਮ ਗਲ ਹੋ ਗਈ ਸੀ। ਸੰਭਵਤਾ, ਲਾਸ਼ਾਂ ਪੁੱਛ-ਗਿੱਛ ਦੌਰਾਨ ਮੌਤ ਤੋਂ ਬਾਅਦ ਨਹਿਰਾਂ ਵਿਚ ਸੁਟੀਆਂ ਜਾਂਦੀਆਂ ਸਨ ਜਾਂ ਲਾਸ਼ਾਂ ਡੋਬਣ ਨੂੰ *ਸਮਰੀ ਐਕਸੀਕਿਊਸ਼ਨਜ਼* ਦੇ ਸਾਧਨਾਂ ਵਜੋਂ ਅਪਣਾਇਆ ਗਿਆ ਸੀ। ਇਹ ਤਥ, ਕਿ ਲਾਸ਼ਾਂ ਨੂੰ ਕਦੀ ਕਦੀ ਭਾਰੀਆਂ ਚੀਜ਼ਾਂ ਨਾਲ ਬੰਨ੍ਹ ਦਿੱਤਾ ਜਾਂਦਾ ਸੀ ਅਤੇ ਉਦੋਂ ਤਕ ਪਾਣੀ ਵਿਚ ਨਹੀਂ ਸੁਟਿਆ ਜਾਂਦਾ ਸੀ ਜਦ ਤਕ ਪਾਣੀ ਦਾ ਲੈਵਲ ਨੀਵਾਂ ਨਹੀਂ ਸੀ ਹੋ ਜਾਂਦਾ ਹਾਂ ਕਿ ਉਨ੍ਹਾਂ ਦੇ ਹੱਥ ਅਤੇ ਪੈਰ ਬੰਨ੍ਹ ਦਿੱਤੇ ਜਾਂਦੇ ਸਨ, ਇਸ ਵਿਚਾਰ ਨੂੰ ਯਕੀਨ ਦਿਵਾਉਂਦਾ ਹੈ। ਜਦੋਂ ਪੱਤਰਕਾਰਾਂ ਨੇ ਲਾਸ਼ਾਂ ਦੇ ਇਸ ਦ੍ਰਿਸ਼ ਦੀ ਜਾਂਚ ਕੀਤੀ, ਉਨ੍ਹਾਂ ਨੇ ਨੋਟ ਕੀਤਾ ਕਿ ਉਨ੍ਹਾਂ ਨਹਿਰਾਂ ਵਿਚੋਂ ਵਧ ਤੋਂ ਵਧ ਲਾਸ਼ਾਂ ਮਿਲੀਆਂ ਜਿਹੜੀਆਂ ਪੁੱਛ-ਗਿੱਛ ਕੇਂਦਰਾਂ ਤੋਂ ਦੂਰ ਵਗਦੀਆਂ ਸਨ। ਸਦਾ ਹੀ ਲਾਸ਼ਾਂ ਇਨ੍ਹਾਂ ਥਾਵਾਂ ਤੋਂ ਦੂਰ ਵਗਦੀਆਂ ਨਦੀਆਂ ਵਿਚ ਸੁੱਟੀਆ ਗਈਆਂ ਮਿਲੀਆਂ।

ਰਾਜਿੰਦਰ ਕੌਰ ਦੀ ਕਹਾਣੀ, ਜਿਵੇਂ ਇਸ ਦਾ **ਦਿ ਇੰਡੀਅਨ ਐਕਸਪ੍ਰੈਸ** ਦੇ ਪੱਤਰਕਾਰਾਂ ਦੀ ਟੀਮ ਅਤੇ 13 ਨਵੰਬਰ, 1993 ਨੂੰ ਛਪੀ ਇਕ ਖਬਰ ਵਿਚ ਬਿਆਨ ਹੈ, ਇਸ ਕਿਸਮ ਦੀ ਮੌਤ ਤੇ ਰੋਸ਼ਨੀ ਪਾਉਂਦੀ ਹੈ। ਉਸ ਨੇ ਕਿਹਾ ਕਿ 29 ਅਕਤੂਬਰ, 1992 ਨੂੰ ਚਮਕੌਰ ਸਾਹਿਬ ਦੀ ਇਕ ਪੁਲਿਸ ਪਾਰਟੀ ਨੇ ਉਸ ਨੂੰ ਚੁੱਕਿਆ ਅਤੇ ਸਰਹੰਦ ਨਹਿਰ ਦੇ ਕੰਢੇ ਲੈ ਗਈ ਪੁਲਿਸ ਉਸਦੇ ਪਤੀ ਦੇ ਥਾਂ-ਟਿਕਾਣੇ ਬਾਰੇ ਜਾਣਨਾ ਚਾਹੁੰਦੀ ਸੀ ਜਿਹੜਾ ਖਾੜਕੂਆਂ ਵਿਚ ਰਲ ਗਿਆ ਸੀ। "ਮੈਨੂੰ ਬੇਰਹਿਮੀ ਨਾਲ ਠੁੱਡੇ ਅਤੇ ਥੱਪੜ ਮਾਰੇ ਗਏ। ਉਨ੍ਹਾਂ ਨੇ ਮੈਨੂੰ ਧਮਕੀ ਦਿੱਤੀ ਕਿ ਅਗਰ ਉਸ ਨੇ ਨਾਂਹ ਦੱਸਿਆ ਕਿ ਉਹਦਾ ਪਤੀ ਕਿਥੇ ਹੈ, ਤਾਂ ਨਹਿਰ ਵਿਚ ਸੁੱਟ ਦਿੱਤਾ ਜਾਵੇਗਾ। ਉਨ੍ਹਾਂ ਨੇ ਮੈਨੂੰ ਇਕ ਬੋਰੀ ਵਿਚ ਬੰਨ੍ਹ ਲਿਆ ਅਤੇ ਮੈਨੂੰ ਪਾਣੀ ਵਿਚ ਰੱਖ ਦਿੱਤਾ। ਪਾਣੀ ਬਹੁਤ ਠੰਡਾ ਸੀ ਅਤੇ ਮੈਂ ਸੋਚਿਆ ਕਿ ਮੈਂ ਮਰ ਜਾਵਾਂਗੀ। ਉਨ੍ਹਾਂ ਨੇ ਇਸ ਤਰ੍ਹਾਂ ਕਈ ਵਾਰ ਕੀਤਾ ਪਰੰਤੂ ਆਖਰ ਝੁਕ ਗਏ ਅਤੇ ਮੈਨੂੰ ਥਾਣੇ ਲੈ ਆਂਦਾ।" ਜੇਕਰ ਰਾਜਿੰਦਰ ਕੌਰ ਡੁੱਬੀ ਨਹੀਂ ਤਾਂ ਇਸ ਵਿਚ ਪੁਲਿਸ ਦਾ ਕਸੂਰ ਨਹੀਂ ਹੈ।

ਦਸੰਬਰ, 1989 ਵਿਚ ਇਕ ਐਮ.ਪੀ. ਜਸਦੇਵ ਸਿੰਘ ਖੁੱਡੀਆਂ ਦੀ ਮੌਤ ਵਿਸ਼ੇਸ਼ ਤੌਰ ਤੇ ਡਰਾਉਣੀ ਸੀ। ਨਵੰਬਰ, 1989 ਵਿਚ ਖੁੱਡੀਆਂ ਅਕਾਲੀ ਦਲ (ਮਾਨ) ਦੀ ਟਿਕਟ ਤੇ ਪਾਰਲੀਮੈਂਟ ਲਈ ਚੁਣੇ ਗਏ। ਅਕਾਲੀ

ਦਲ ਬਾਦਲ ਨੇ ਭਾਈ ਸ਼ਮਿੰਦਰ ਸਿੰਘ ਦੀ ਹਿਮਾਇਤ ਕੀਤੀ ਅਤੇ ਉਸ ਲਈ ਪੁਰਜ਼ੋਰ ਚੋਣ ਪ੍ਰਚਾਰ ਕੀਤਾ। ਜਦੋਂ ਖੁੱਡੀਆਂ ਚੁਣੇ ਗਏ, ਤਾਂ ਬਾਦਲ ਦਲ ਨੂੰ ਬਹੁਤ ਧੱਕਾ ਲੱਗਾ ਕਿਉਂਕਿ ਬਾਦਲ ਉਸ ਇਲਾਕੇ ਵਿਚ ਹਰਮਨ ਪਿਆਰੇ ਸਨ। ਖੁੱਡੀਆਂ ਅਕਾਲੀਆਂ ਦੇ ਉਸ ਵਰਗ ਤੋਂ ਹਮਦਰਦੀ ਦੀ ਉਮੀਦ ਨਹੀਂ ਕਰ ਸਕਦੇ ਸਨ। ਸਚ ਮੁਚ ਖੁੱਡੀਆਂ ਸ਼ਾਇਦ ਇਕ "ਪੁਲ ਦੀ ਤਰ੍ਹਾਂ ਕੰਮ ਕਰਦੇ ਅਤੇ ਉਸ ਨਾਲ ਸ਼ਾਇਦ ਰਾਸ਼ਟਰੀ ਸੰਸਦ ਵਿਚ ਖਾੜਕੂਆਂ ਦੇ ਹੱਕ ਵਿਚ ਆਵਾਜ਼ ਉਠਾਈ ਜਾਂਦੀ। 28 ਦਸੰਬਰ ਦੀ ਸਵੇਰ ਨੂੰ ਉਹ ਆਪਣੇ ਪਿੰਡ ਖੁੱਡੀਆਂ, ਜ਼ਿਲ੍ਹਾ ਫਰੀਦਕੋਟ ਤੋਂ ਗਾਇਬ ਹੋਏ; ਉਨ੍ਹਾਂ ਦੀ ਦੇਹ 3 ਜਨਵਰੀ, 1990 ਨੂੰ ਰਾਜਸਥਾਨ ਫੀਡਰ ਨਹਿਰ ਵਿਚੋਂ ਮਿਲੀ। ਕੀ ਕੋਈ ਪੁਲਿਸ ਦੇ ਇਸ ਪੱਖ ਨੂੰ ਮੰਨੇਗਾ ਕਿ ਇਸ ਬਹੁਤ ਜ਼ਿਆਦਾ ਆਦਰ-ਮਾਣ ਵਾਲੇ 60 ਸਾਲਾਂ ਦੇ ਵਿਅਕਤੀ, ਜਿਹੜਾ ਦਿਮਾਗੀ ਅਤੇ ਜਿਸਮਾਨੀ ਤੌਰ ਤੇ ਸਿਹਤ-ਮੰਦ ਸੀ ਅਤੇ ਕਿਸੇ ਭਾਰੀ ਕਰਜ਼ਿਆਂ ਅਤੇ ਘਰੇਲੂ ਪਰੇਸ਼ਾਨੀਆਂ ਤੋਂ ਮੁਕਤ ਸੀ, ਨੇ ਆਤਮ-ਘਾਤ ਕੀਤਾ ਹੈ।

ਜਿਵੇਂ ਪੰਜਾਬ ਦੇ ਰਾਜਪਾਲ ਨੇ ਹਦਾਇਤ ਕੀਤੀ, ਜਸਟਿਸ ਹਰਬੰਸ ਸਿੰਘ ਰਾਏ ਨੇ ਇਸ ਮੌਤ ਦੇ ਹਾਲਾਤ ਦੀ ਜਾਂਚ ਕੀਤੀ ਅਤੇ ਅਪ੍ਰੈਲ, 1990 ਵਿਚ ਇਕ ਵਿਸਥਾਰਪੂਰਵਕ ਰਿਪੋਰਟ ਪੇਸ਼ ਕੀਤੀ ਜਿਸ ਨੇ ਪੁਲਿਸ ਦੇ ਪੱਖ ਨੂੰ ਇਹ ਕਹਿੰਦਿਆਂ ਰੱਦ ਕੀਤਾ : "ਕਿ ਉਸ ਦੇ ਸ਼ਰੀਰ ਤੇ ਮੌਤ ਤੋਂ ਪਹਿਲਾਂ ਦੇ ਜ਼ਖ਼ਮ, ਜਿਹੜੇ ਸਧਾਰਣ ਤੌਰ ਤੇ ਮੌਤ ਲਈ ਕਾਫੀ ਹਨ, ਸਿੱਧ ਕਰਦੇ ਹਨ ਕਿ ਉਹ ਹਿੰਸਾ ਕਾਰਨ ਮਰੇ।"

ਜੱਜ ਨੇ ਨੋਟ ਕੀਤਾ ਕਿ ਜਗਦੇਵ ਸਿੰਘ ਦੇ ਪਰਿਵਾਰ ਨੇ ਸ਼ੱਕ ਕੀਤਾ ਕਿ ਕੋਈ ਚਾਲ ਖੇਡੀ ਗਈ ਹੈ ਪਰੰਤੂ ਉਸ ਦੇ ਬਾਵਜੂਦ ਵੀ ਜਾਂਚ ਕਰਨ ਵਾਲੇ ਅਫਸਰ ਨੇ ਸਥਿਤੀ ਦੇ ਉਲਟ ਰਾਹ ਫੜਿਆ। "ਬਲਕਿ ਜੇਕਰ ਜਾਂਚ ਅਧਿਕਾਰੀ ਜਾਂ ਉਸ ਤੋਂ ਸੀਨੀਅਰ ਕਿਸੇ ਹੋਰ ਦਾ ਇਹ ਵਿਚਾਰ ਸੀ ਕਿ ਖੁੱਡੀਆਂ ਨੇ ਆਤਮ-ਹੱਤਿਆ ਕੀਤੀ ਹੈ, ਤਾਂ ਦੂਜੀ ਸੰਭਾਵਨਾ ਕਿ ਉਸ ਦਾ ਜ਼ਰੂਰ ਕਤਲ ਕੀਤਾ ਗਿਆ ਹੋਵੇਗਾ, ਨੂੰ ਵੀ ਨਜ਼ਰ-ਅੰਦਾਜ਼ ਨਹੀਂ ਸੀ ਕੀਤਾ ਜਾਣਾ ਚਾਹੀਦਾ। ਇਹ ਹੋਰ ਵੀ ਅਜੀਬ ਗਲ ਹੈ ਕਿ ਬਲਕਿ ਧਾਰਾ 364 ਆਈ ਪੀ ਸੀ ਅਧੀਨ ਕੇਸ ਦਰਜ ਕੀਤਾ ਗਿਆ ਸੀ, ਉਸ ਨੂੰ ਅਗਵਾ ਕਰਨ ਅਤੇ ਕਤਲ ਕਰਨ ਦੀ ਸੰਭਾਵਨਾ ਨੂੰ ਹਟਾਉਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਗਈ।

"ਇਸ ਤੋਂ ਇਲਾਵਾ, ਨਹਿਰ ਵਿਚੋਂ ਲਾਸ਼ ਦੀ ਭਾਲ ਕਰਨ ਵਾਲੀ ਏਜੰਸੀ ਦਾ ਵਿਵਹਾਰ ਬਹੁਤ ਭੇਦ ਭਰਿਆ ਸੀ। ਇਸ ਗਲ ਦੀ ਸਮਝ ਨਹੀਂ ਸੀ ਆਉਂਦੀ ਕਿ ਨਹਿਰ ਦਾ ਸਿਰਫ ਅੱਧਾ ਹਿੱਸਾ ਹੀ ਕਿਉਂ ਖੋਜਿਆ ਗਿਆ ਅਤੇ ਜਦੋਂ ਕਿ ਕੁਝ ਕਿਲੋਮੀਟਰਾਂ ਤਕ ਉਸ ਇਲਾਕੇ, ਜਿਥੋਂ ਮਿਰਤਕ ਦਾ ਸਮਾਨ ਲਭਿਆ ਸੀ, ਕਈ ਵਾਰ ਖੋਜਿਆ ਗਿਆ ਸੀ, ਉਸ ਥਾਂ ਤੋਂ 2 ਜਾਂ 3

ਕਿਲੋਮੀਟਰ ਦੀ ਦੂਰੀ ਤੋਂ ਉਸ ਦੀ ਲਾਸ਼ 3 ਜਨਵਰੀ, 1990 ਨੂੰ ਕਿਵੇਂ ਮਿਲ ਗਈ ਸੀ।

"ਇਸ ਥਾਂ ਦਾ ਦੌਰਾ ਕਰਨ ਸਮੇਂ ਪਿੰਡ ਦੇ ਬਹੁਤ ਸਾਰੇ ਵਿਅਕਤੀਆਂ ਨੇ ਮੈਨੂੰ ਦੱਸਿਆ ਕਿ ਉਨ੍ਹਾਂ ਨੇ ਇਕ ਦੂਜੇ ਦੇ ਹੱਥ ਫੜ ਕੇ 7 ਜਾਂ 8 ਕਿਲੋਮੀਟਰ ਦੀ ਦੂਰੀ ਤਕ ਨਹਿਰ ਦੀ ਖੋਜ ਕੀਤੀ ਸੀ ਅਤੇ ਨਹਿਰ ਵਿਚੋਂ ਕੋਈ ਲਾਸ਼ ਨਹੀਂ ਮਿਲੀ। ਪਰੰਤੂ ਇਹ ਬਹੁਤ ਅਜੀਬ ਗਲ ਹੈ ਕਿ ਲਾਸ਼ ਉਕਤ ਥਾਂ ਤੋਂ 2 ਜਾਂ 3 ਕਿਲੋਮੀਟਰ ਦੀ ਦੂਰੀ ਤੋਂ ਮਿਲੀ .... " ਜਾਂਚ ਏਜੰਸੀ ਵਲੋਂ ਢਿੱਲ ਵਰਤਣ ਨਾਲ ਠੋਸ ਸਬੂਤ ਨਹੀਂ ਮਿਲਿਆ। ਪੁਲਿਸ ਦੀ ਢਿੱਲ ਦਾ ਕਾਰਨ ਉਸਦੀ ਅਕੁਸ਼ਲਤਾ ਸੀ ਜਾਂ ਇਹ ਜਾਣ-ਬੁਝ ਕੇ ਕੀਤਾ ਗਿਆ। ਇਸ ਸਬੰਧ ਵਿਚ ਆਪਣਾ ਨਿਰਣਾ ਦੇਣ ਲਈ ਮੇਰੇ ਕੋਲ ਕੋਈ ਸਬੂਤ ਨਹੀਂ ਹੈ ਪਰੰਤੂ ਮੇਰਾ ਵਿਚਾਰ ਹੈ ਕਿ ਮਿਸਟਰ ਖੁੱਡੀਆਂ ਦੀ ਮੌਤ ਦੀ ਅਤੇ ਜਾਂਚ-ਅਧਿਕਾਰੀ ਦੇ ਆਚਰਣ ਬਾਰੇ ਕਿਸੇ ਕਿਸੇ ਸੁਤੰਤਰ ਏਜੰਸੀ ਤੋਂ ਜਾਂਚ ਕਰਵਾਈ ਜਾਵੇ: ...

"ਜਿਥੇ ਕਿਸੇ ਐਮ.ਪੀ. ਦੀ ਮੌਤ ਬਾਰੇ ਜਾਂਚ ਕਰਨ ਵਾਲੀ ਏਜੰਸੀ ਦਾ ਰਵੱਈਆ ਐਨੀ ਅਲਗਰਜ਼ੀ ਵਾਲਾ ਹੋਵੇ ਤਾਂ ਉਥੇ ਉਨ੍ਹਾਂ ਕੋਲੋਂ ਪੰਜਾਬ ਦਾ ਇਕ ਸਾਧਾਰਨ ਵਸਨੀਕ ਕੀ ਉਮੀਦ ਰੱਖ ਸਕਦਾ ਹੈ?"

*ਸਰਕਾਰੀ ਇਨਾਮ ਜਿੱਤਣ ਲਈ ਹੱਤਿਆਵਾਂ (ਬਾਉਂਟੀ ਕਿਲਿੰਗਜ਼)*

1991-93 ਦੇ ਦੌਰਾਨ ਰੈਗੂਲਰ ਪੁਲਿਸ ਬਲਾਂ ਦੇ ਵਿਅਕਤੀਆਂ ਨੂੰ 50,000 ਤੋਂ 60,000 ਰੁਪਏ ਤਕ ਦੇ ਇਨਾਮ ਦਿੱਤੇ ਗਏ ਸਨ ਜੋ ਕਿ ਇਕ ਜਨਤਕ ਰਿਕਾਰਡ ਦਾ ਮਾਮਲਾ ਹੈ। (ਪੰਜਾਬ ਦੇ ਮੁੱਖ ਮੰਤਰੀ ਨੇ 1993 ਵਿਚ ਰਾਜ ਦੀ ਅਸੈਂਬਲੀ ਵਿਚ ਇਕ ਨਿਸ਼ਾਨ ਵਾਲੇ ਪ੍ਰਸ਼ਨ ਦਾ ਉੱਤਰ ਦਿੱਤਾ)। ਨਿਗਰਾਨੀ ਰੱਖਣ ਵਾਲਿਆਂ ਅਤੇ ਨੀਮ ਫੌਜੀ ਬਲਾਂ ਨੂੰ ਦਿੱਤੇ ਗਏ ਕਈ ਇਨਾਮਾਂ ਬਾਰੇ ਪਤਾ ਹੀ ਨਹੀਂ ਲੱਗਣ ਦਿੱਤਾ ਗਿਆ।

ਖਾੜਕੂਆਂ ਨੂੰ ਖ਼ਤਮ ਕਰਨ ਲਈ ਪੈਸੇ ਦੇ ਇਨਾਮਾਂ ਦੀ ਰੀਤ ਪੁਲਿਸ ਨੂੰ ਸਚਮੁਚ ਇਕ ਬੜੀ ਸ਼ਕਤੀਸ਼ਾਲੀ ਹੱਲਾਸ਼ੇਰੀ ਸੀ। **ਇੰਡੀਆ ਟੁਡੇ** (ਅਕਤੂਬਰ 15, 1992) ਵਿਚ ਛੱਪੀ ਇਕ ਖਬਰ ਵਿਚ ਇਹ ਕਿਹਾ ਗਿਆ: "ਕਿ ਨਕਦ ਇਨਾਮਾਂ ਦੀ ਹੋੜ ਪੁਲਿਸ ਵਾਲਿਆਂ ਨੂੰ ਭਾੜੇ ਦੇ ਸਿਪਾਹੀ ਬਣਾ ਰਹੀ ਹੈ।"

ਗਿਣੇ-ਚੁਣੇ ਅੱਤਵਾਦੀਆਂ ਨੂੰ ਮਾਰਨ ਲਈ ਇਨਾਮਾਂ ਤੋਂ ਇਲਾਵਾ (ਇਸ ਮੰਤਵ ਲਈ ਸਾਲਾਨਾ ਲਾਗਤ - ਸਰਕਾਰੀ ਅੰਕੜਾ: 100 ਮਿਲੀਅਨ ਰੁਪਏ ਹੈ) ਵਿਭਾਗ ਗੈਰ-ਸੂਚੀਬੱਧ ਅੱਤਵਾਦੀਆਂ ਨੂੰ ਮਾਰਨ ਲਈ ਅਣ-ਐਲਾਨੇ ਇਨਾਮ ਵੀ ਦਿੰਦਾ ਹੈ। ਵੱਖ-ਵੱਖ ਰੇਂਜਾਂ ਦੇ ਆਈ ਜੀ ਹਰ ਹਫ਼ਤੇ ਆਪਣੀਆਂ ਲਿਸਟਾਂ ਐਡੀਸ਼ਨਲ ਡੀ ਜੀ (ਇੰਟੈਲੀਜੈਂਸ) ਓ.ਪੀ. ਸ਼ਰਮਾ ਨੂੰ

ਭੇਜਦੇ ਹਨ। ਇਹ ਰਕਮ 40,000/- ਰੁਪਏ (1,333 ਪੌਂਡ) ਤੋਂ 5 ਲੱਖ ਰੁਪਏ (16,666 ਪੌਂਡ) ਤਕ ਹੋ ਸਕਦੀ ਹੈ। ਇਸ ਗੁਪਤ ਫੰਡ ਬਾਰੇ ਕੇਵਲ ਕੁਝ ਕੁ ਸੀਨੀਅਰ ਅਧਿਕਾਰੀਆਂ, ਜਿਵੇਂ ਡੀ ਜੀ ਪੀ, ਐਡੀਸ਼ਨਲ ਡੀ.ਜੀਜ਼. ਆਫ਼ ਇੰਟੈਲੀਜੈਂਸ ਐਂਡ ਓਪਰੇਸ਼ਨਜ਼ ਅਤੇ ਆਈ ਜੀ (ਕਰਾਈਮ) ਨੂੰ ਹੀ ਪਤਾ ਹੈ। ਬਲਕਿ ਗ੍ਰਿਹ ਸਕੱਤਰ ਨੂੰ ਵੀ ਇਸ ਤੋਂ ਬਾਹਰ ਰੱਖਿਆ ਗਿਆ ਹੈ। ਜੋ ਵੀ ਰਿਕਾਰਡ ਤਿਆਰ ਕੀਤੇ ਜਾਂਦੇ ਹਨ, ਉਹ ਕੁਝ ਹਫ਼ਤਿਆਂ ਬਾਅਦ ਮਿਟਾ ਦਿੱਤੇ ਜਾਂਦੇ ਹਨ।"

ਲਾਸ਼ ਬਦਲੇ ਨਕਦੀ ਦੀ ਆਸ ਨੇ ਪੁਲਿਸ ਵਾਲਿਆਂ ਨੂੰ ਜਲਦੀ ਸਿਆਣੇ ਬਣਾ ਦਿੱਤਾ ਅਤੇ ਇਨਾਮ ਪ੍ਰਾਪਤ ਕਰਨ ਵਾਲੀਆਂ ਹੱਤਿਆਵਾਂ ਉਨ੍ਹਾਂ ਦੀ ਆਮਦਨ ਦਾ ਮੁੱਖ ਸੋਮਾ ਬਣ ਗਈਆਂ। ਚਾਹੀਦੇ ਵਿਅਕਤੀ ਦੀ ਗਿਰਫਤਾਰੀ ਗੁਪਤ ਰੱਖੀ ਜਾਂਦੀ। ਉਸ ਦੀ ਗਿਰਫਤਾਰੀ ਤੋਂ ਬਾਅਦ ਹਰੇਕ ਕਤਲ ਉਸ ਦੇ ਜ਼ਿੰਮੇ ਪਾਇਆ ਜਾਂਦਾ। ਉਸਦੇ ਸਿਰ ਦੀ ਕੀਮਤ ਵਧਦੀ ਅਤੇ ਜਦੋਂ ਹੋਰ ਵਾਧੇ ਦੀ ਆਸ ਨਾ ਹੁੰਦੀ, ਤਾਂ ਪੁਲਿਸ ਡਰਾਮਈ (ਝੂਠਾ) "ਮੁਕਾਬਲਾ" ਬਣਾ ਲੈਂਦੀ ਜਿਸ ਵਿਚ ਉਹ ਆਪਣੇ ਕੈਦੀਆਂ ਨੂੰ ਗੋਲੀ ਦਾ ਨਿਸ਼ਾਨਾ ਬਣਾ ਦੇਂਦੀ ਅਤੇ ਉਹ ਇਨਾਮ ਪ੍ਰਾਪਤ ਕਰ ਲੈਂਦੇ।

ਪੁਲਿਸ ਨੇ ਬਹੁਤ ਚਿਰ ਇਸ ਚੀਜ਼ ਨੂੰ ਕਾਇਮ ਰੱਖਿਆ ਕਿ ਮਾਰਿਆ ਅੱਤਵਾਦੀ ਹੀ ਕੇਵਲ ਅੱਛਾ ਅੱਤਵਾਦੀ ਸੀ ਪਰੰਤੂ ਜਦੋਂ ਨਕਦ ਇਨਾਮਾਂ ਦੀ ਲਾਲਸਾ ਇਸ ਮੈਕਸਿਮ ਵਿਚ ਸ਼ਾਮਲ ਕਰ ਦਿੱਤੀ ਤਾਂ ਇਹ ਐਲਾਨ ਕਰਨ ਵਿਚ ਤੇਜ਼ੀ ਨਾਲ ਸੋਧ ਕਰ ਦਿੱਤੀ ਗਈ ਕਿ ਚੰਗੀ ਲਾਸ਼ ਕੇਵਲ ਇਕ ਅੱਤਵਾਦੀ ਦੀ ਲਾਸ਼ ਸੀ। "ਅਸੀਂ ਉਸਨੂੰ ਇਸ ਕਰਕੇ ਮਾਰਿਆ ਕਿਉਂਕਿ ਉਹ ਇਕ ਅੱਤਵਾਦੀ ਸੀ" ਨੂੰ ਸੌਖਿਆਂ ਹੀ "ਅਸੀਂ ਉਸ ਨੂੰ ਮਾਰਿਆ ਅਤੇ ਇਸ ਲਈ ਉਹ ਇਕ ਅੱਤਵਾਦੀ ਹੈ" ਵਿਚ ਬਦਲ ਦਿੱਤਾ ਗਿਆ। ਅਤੇ ਜ਼ਿਆਦਾ "ਖਤਰਨਾਕ" ਵਧੇਰੇ ਅੱਛਾ ਸੀ।

ਢੋਂਗ ਇਹ ਸੀ ਕਿ ਕਿਸੇ ਨੂੰ ਮਾਰ ਦਿਓ ਅਤੇ ਫਿਰ ਉਸ ਨੂੰ ਕੱਟੜ ਅੱਤਵਾਦੀ ਕਰਾਰ ਦੇ ਦਿਓ ਅਤੇ ਉਸ ਦੇ ਸਿਰ ਲਈ ਭਾਰੀ ਕੀਮਤ ਰੱਖ ਦਿਓ। ਪੰਜਾਬ ਮਨੁੱਖੀ ਅਧਿਕਾਰਾਂ ਦੇ ਇਕ ਕਾਰਜਕਰਤਾ ਬਲਜੀਤ ਕੌਰ ਅਨੁਸਾਰ : "ਅਜਿਹੀ ਹਰੇਕ ਹੱਤਿਆ ਤੋਂ ਬਾਅਦ ਪੁਲਿਸ ਕਹਿੰਦੀ ਹੈ ਕਿ ਮਾਰੇ ਗਏ ਕੈਦੀ ਨੇ 10 ਲੋਕਾਂ ਦੀ ਹੱਤਿਆ ਕੀਤੀ ਹੈ - ਜਾਂ 1000 ਲੋਕ! ਇਸ ਦਾ ਫੈਸਲਾ ਕੌਣ ਕਰੇਗਾ? ਕੋਈ ਇਸ ਚੀਜ਼ ਦੀ ਪੁਸ਼ਟੀ ਕਿਵੇਂ ਕਰੇਗਾ ਕਿ ਕਿਸੇ ਅੱਤਵਾਦੀ ਨੇ ਕਿੰਨੇ ਲੋਕਾਂ ਦੀ ਹੱਤਿਆ ਕੀਤੀ ਹੈ? ਇਸ ਦਾ ਨਿਰਧਾਰਨ ਕਰਨ ਲਈ ਇਕ ਬੜਾ ਵਿਅਰਥ ਵਿਵਾਦ ਖੜ੍ਹਾ ਹੁੰਦਾ ਹੈ। ਇਹ ਸਾਰਾ ਕੁਝ ਪੁਲਿਸ ਅਫਸਰਾਂ ਦੀ ਮਦਦ ਕਰਨ ਅਤੇ ਪੈਸੇ ਕਮਾਉਣ ਲਈ ਕੀਤਾ ਜਾਂਦਾ ਹੈ"।

ਪੁਲਿਸ ਵਾਲਿਆਂ ਦੀ 10 ਲੱਖ ਰੁਪਏ ਦਾ ਇਨਾਮ ਪ੍ਰਾਪਤ ਦੀ

ਲਾਲਸਾ ਨੇ ਇਕ 4-ਸਾਲ ਦੇ ਲੜਕੇ, ਉਸਦੇ ਪਿਤਾ ਅਤੇ ਚਾਚੇ ਦੀ ਜਾਨ ਲੈ ਲਈ।

ਇਹ ਬੱਚਾ ਆਪਣੇ ਪਿਤਾ, ਜਸਵਿੰਦਰ ਸਿੰਘ (28, ਇਕ ਵਪਾਰੀ ਅਤੇ ਇਕ ਸਥਾਨਕ ਵਕੀਲ, ਪ੍ਰੇਮ ਸਿੰਘ ਦਾ ਪੁੱਤਰ) ਅਤੇ ਅੰਕਲ ਜਸਬੀਰ ਸਿੰਘ (24) ਦੇ ਨਾਲ 12 ਜੁਲਾਈ, 1992 ਦੀ ਸ਼ਾਮ ਨੂੰ ਅੰਬਾਲਾ ਬਸ ਅੱਡੇ ਤੇ ਇਕ ਰਿਸ਼ਤੇਦਾਰ ਨੂੰ ਤੋਰਨ ਗਿਆ ਸੀ।

ਉਹ ਜਸਵਿੰਦਰ ਸਿੰਘ ਦੀ ਕਾਰ ਵਿਚ ਘਰ ਨੂੰ ਵਾਪਸ ਆ ਰਹੇ ਸਨ ਜਦੋਂ ਉਨ੍ਹਾਂ ਨੇ ਇਕ ਕਾਰ ਉਨ੍ਹਾਂ ਦਾ ਪਿੱਛਾ ਕਰਦੀ ਦੇਖੀ। ਉਸ ਵਿਚ ਸਵਾਰ ਵਿਅਕਤੀ ਆਟੋਮੈਟਿਕ ਹਥਿਆਰਾਂ ਨਾਲ ਲੈਸ ਸਨ ਪਰੰਤੂ ਉਹ ਚਿੱਟ-ਕਪੜਿਆਂ ਵਿਚ ਸਨ। ਇਸ ਚੀਜ਼ ਤੋਂ ਡਰਦਿਆਂ ਕਿ ਉਨ੍ਹਾਂ ਦਾ ਪਿੱਛਾ ਕਰਨ ਵਾਲੇ ਅੱਤਵਾਦੀ ਹਨ, ਜਸਵਿੰਦਰ ਸਿੰਘ ਨੇ ਆਪਣੀ ਕਾਰ ਤੇਜ਼ ਦੁੜਾ ਦਿੱਤੀ। ਜਦੋਂ ਉਹ ਆਪਣੇ ਜੱਦੀ ਪਿੰਡ ਧੂਲਕੋਟ ਦੀ ਹੱਦ ਵਿਚ ਆ ਗਏ ਤਾਂ ਉਨ੍ਹਾਂ ਨੇ ਕਾਰ ਛੱਡ ਦਿੱਤੀ ਅਤੇ ਕਿਤੇ ਸ਼ਰਨ ਲੈਣ ਦੀ ਕੋਸ਼ਿਸ਼ ਕੀਤੀ ਪਰੰਤੂ ਪੁਲਿਸ ਨੇ ਉਨ੍ਹਾਂ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ।

ਪਿੰਡ ਵਾਲਿਆਂ ਨੇ ਗਵਾਹੀ ਦਿੱਤੀ ਕਿ ਜਸਵਿੰਦਰ ਅਤੇ ਜਸਬੀਰ ਨੂੰ ਮਾਰਨ ਤੋਂ ਬਾਅਦ, ਉਨ੍ਹਾਂ ਨੇ ਦੇਖਿਆ ਕਿ ਇਸ ਪੁਲਿਸ ਵਾਲੇ ਨੇ ਆਪਣੀਆਂ ਬਾਹਾਂ ਵਿਚ ਚਾਰ ਸਾਲ ਦੇ ਹਰਵਿੰਦਰ ਨੂੰ ਚੁਕਿਆ ਅਤੇ ਉਸ ਦੇ ਸਿਰ ਵਿਚ ਗੋਲੀ ਮਾਰ ਕੇ ਮਾਰ ਦਿੱਤਾ। ਇਨ੍ਹਾਂ ਨਿਹੱਥੇ ਲੋਕਾਂ ਨੂੰ ਮਾਰਨ ਤੋਂ ਬਾਅਦ ਉਨ੍ਹਾਂ ਨੇ ਆਪਣੇ ਹਥਿਆਰ ਹਵਾ ਵਿਚ ਘੁਮਾਏ ਅਤੇ ਇਹ ਕਹਿੰਦਿਆਂ ਨਾਚ ਕੀਤਾ ਕਿ ਉਨ੍ਹਾਂ ਨੇ ਇਕ ਲਾਲੀ ਨੂੰ ਮਾਰ ਦਿੱਤਾ ਹੈ (ਜਿਸ ਦੇ ਸਿਰ ਤੇ 10 ਲੱਖ ਰੁਪਏ ਦਾ ਇਨਾਮ ਰੱਖਿਆ ਹੋਇਆ ਸੀ)। ਪੁਲਿਸ ਨੇ ਪਿੰਡ ਵਾਲਿਆਂ ਵਲੋਂ, ਜਸਬੀਰ ਨੂੰ ਕੋਈ ਡਾਕਟਰੀ ਸਹਾਇਤਾ ਦੇਣ ਤੋਂ ਰੋਕਿਆ ਜਿਹੜਾ ਅਜੇ ਸਾਹ ਲੈ ਰਿਹਾ ਸੀ।

ਕੇਵਲ ਐਸ ਪੀ, ਕੇ.ਪੀ. ਸਿੰਘ ਦੇ ਪਹੁੰਚਣ ਤੋਂ ਬਾਅਦ ਹੀ ਲਾਸ਼ਾਂ ਸਿਵਲ ਹਸਪਤਾਲ, ਅੰਬਾਲਾ ਨੂੰ ਲਿਜਾਈਆਂ ਗਈਆਂ ਸਨ। ਉਨ੍ਹਾਂ ਵਿਚੋਂ ਕੇਵਲ ਇਕ ਬੱਚੇ ਜਸਬੀਰ ਸਿੰਘ ਦੇ ਪੰਜ ਸਾਲਾਂ ਦੇ ਪੁੱਤਰ ਨੂੰ ਅੰਬਾਲਾ ਪੁਲਿਸ ਸਟੇਸ਼ਨ ਲਿਜਾਇਆ ਗਿਆ ਸੀ।

ਐਸ ਪੀ ਮੁਤਾਬਕ, ਇਨ੍ਹਾਂ ਹੱਤਿਆਵਾਂ ਲਈ ਜ਼ਿੰਮੇਵਾਰ ਪੁਲਿਸ ਕਰਮਚਾਰੀ ਪੰਜਾਬ ਪੁਲਿਸ ਦੇ ਬੰਦੇ ਸਨ ਜਿਹੜੇ ਇਕ "ਕੈਟ" (ਮੁਖਬਰ) ਨਾਲ ਹਰਿਆਣਾ ਵਿਚ ਆ ਘੁਸੇ ਸਨ। ਅੰਬਾਲਾ ਪੁਲਿਸ ਦੇ ਦੋ ਪੁਲਸੀਏ ਉਨ੍ਹਾਂ ਨੂੰ ਗਾਈਡ ਕਰਨ ਲਈ ਦਿੱਤੇ ਗਏ ਸਨ। "ਕੈਟ" (ਮੁਖਬਰ) ਨੇ ਜਸਬੀਰ ਸਿੰਘ ਦੀ ਇਕ ਖਾੜਕੂ ਨਿਰਵੈਰ ਸਿੰਘ ਨਿੰਦੀ ਵਜੋਂ ਪਚਿਾਣ ਕੀਤੀ।

ਪੁਲਿਸ ਦੇ ਇਨ੍ਹਾਂ "ਟਾਊਟਾਂ" ਵਿਚੋਂ ਇਕ ਸਤਵੰਤ ਸਿੰਘ ਮਾਣਕ ਨੇ ਸੀ ਆਰ ਪੀ ਐਫ ਜਾਂ ਆਈ ਟੀ ਬੀ ਪੀ ਤੋਂ ਸੁਰੱਖਿਆ ਲੈਣ ਲਈ ਪੰਜਾਬ

ਅਤੇ ਹਰਿਆਣਾ ਹਾਈ ਕੋਰਟ ਵਿਚ ਇਕ ਪੈਟੀਸ਼ਨ ਦਾਇਰ ਕੀਤੀ ਸੀ ਕਿਉਂਕਿ ਉਸ ਨੂੰ ਡਰ ਸੀ ਕਿ ਉਸ ਦੀ ਜਾਨ ਖ਼ਤਰੇ ਵਿਚ ਹੈ। ਪੈਟੀਸ਼ਨ ਵਿਚ ਉਸ ਨੇ 11 ਵਿਅਕਤੀਆਂ ਦੇ ਨਾਂ ਦੱਸੇ ਜਿਨ੍ਹਾਂ ਨੂੰ ਉਸਨੇ ਪੁਲਿਸ ਦੁਆਰਾ ਤਸੀਹੇ ਦਿੰਦਿਆਂ ਅਤੇ ਮਰਦਿਆਂ ਦੇਖਿਆ ਸੀ ਅਤੇ ਉਸ ਨੇ ਦੋਸ਼ ਲਗਾਇਆ ਕਿ ਪੁਲਿਸ ਅਫਸਰਾਂ ਨੇ ਉਨ੍ਹਾਂ ਵਿਅਕਤੀਆਂ ਨੂੰ ਨਕਦ ਇਨਾਮ ਲੈਣ ਅਤੇ ਬਿਨਾਂ ਵਾਰੀ (ਆਊਟ ਆਫ ਟਰਨ) ਤਰੱਕੀਆਂ ਲੈਣ ਲਈ ਮਾਰਿਆ।

ਉਸ ਨੇ ਪੁਲਿਸ ਦਾ ਸ਼ਿਕਾਰ ਹੋਏ ਵਿਅਕਤੀਆਂ ਦੇ ਨਾਂ ਇਸ ਤਰ੍ਹਾਂ ਦੱਸੇ: ਪਿੰਡ ਰਾਜੇਆਣਾ, ਜ਼ਿਲ੍ਹਾ ਫਰੀਦ ਕੋਟ ਦਾ ਨਿਰਮਲ ਸਿੰਘ ਨਿੰਮਾ, ਬਲਜੀਤ ਸਿੰਘ ਵਾਡਾਘਰ, ਕੁਲਵੰਤ ਸਿੰਘ ਕਾਂਤਾ, ਪਿੰਡ ਘੁਮਿਆਰਾ ਬਲਜਿੰਦਰ ਸਿੰਘ ਬਿਜਲੀਵਾਲਾ, ਕਰਤਾਰ ਸਿੰਘ ਕਰਮਿੱਟੀ, ਪਿੰਡ ਪਧਾਰੀ ਦਾ ਬਹਾਲ ਸਿੰਘ, ਪਿੰਡ ਚੋਗਾਵਾਂ ਦਾ ਸਤਵੰਤ ਸਿੰਘ ਸੋਢੀ, ਪਿੰਡ ਲਾਂਗੇਆਣਾ ਦਾ ਗੁਰਮੁਖ ਸਿੰਘ, ਪਿੰਡ ਮੋਗਾ ਦਾ ਗੁਰਚਰਨ ਸਿੰਘ ਅਤੇ ਪਿੰਡ ਦੌਧਰ ਦਾ ਨਛੱਤਰ ਸਿੰਘ ਫ਼ੌਜੀ। ਮਾਣਕ ਨੇ ਦਾਅਵਾ ਕੀਤਾ ਕਿ ਉਸ ਨੂੰ ਨਿਹਾਇਤ ਤਸੀਹੇ ਦਿੱਤੇ ਗਏ ਅਤੇ ਉਸ ਨੇ ਪੁਲਿਸ ਦੁਆਰਾ ਦਿੱਤੇ ਗਏ ਤਸੀਹਿਆਂ ਨਾਲ ਆਪਣੇ ਪਿਤਾ ਦੀ ਮੌਤ ਤੋਂ ਬਾਅਦ ਇਹ ਸਭ ਕੁਝ ਦੱਸਣ ਦਾ ਫ਼ੈਸਲਾ ਕੀਤਾ। (9 ਨਵੰਬਰ, 1994 ਨੂੰ **ਦਿ ਇੰਡੀਅਨ ਐਕਸਪ੍ਰੈਸ** ਅਤੇ **ਦਿ ਟ੍ਰਿਬਿਊਨ** ਵਿਚ ਛਪਿਆ)।

*ਖਾਤਮਾ ਕਰਨ ਸੂਚੀਆਂ*

ਮਰਿਆ ਜਾਂ ਜਿਉਂਦਾ ਚਾਹੀਦਾ ਸੂਚੀ, ਜਿਸ ਨੇ ਸਰਕਾਰ ਨੂੰ ਸੁਪਰੀਮ ਕੋਰਟ ਵਿਚ ਬਹੁਤ ਜ਼ਿਆਦਾ ਪਰੇਸ਼ਾਨ ਕੀਤਾ, ਦੀ ਥਾਂ ਬਾਅਦ ਵਿਚ ਹਰ ਜ਼ਿਲ੍ਹੇ ਵਿਚ ਰੱਖੀਆਂ ਗੁਪਤ ਸੂਚੀਆਂ ਨੇ ਲੈ ਲਈ।

ਖ਼ਤਮ ਕੀਤੇ ਜਾਣ ਵਾਲੇ ਲੋਕਾਂ ਦੀਆਂ ਸੂਚੀਆਂ ਤਿਆਰ ਕਰਨ ਲਈ ਪੁਲਿਸ ਦਾ ਇਕ ਵੱਖਰਾ ਵਿੰਗ ਸਥਾਪਤ ਕੀਤਾ ਗਿਆ। (ਮਨੁੱਖੀ ਅਧਿਕਾਰ ਕਾਰਜ ਕਰਤਾਵਾਂ ਨੇ ਅਜਿਹੀਆਂ ਸੂਚੀਆ ਦੇ ਸਬੂਤ ਪੇਸ਼ ਕੀਤੇ। ਉਨ੍ਹਾਂ ਨੂੰ ਇਸ ਬਾਰੇ ਉਸ ਸਮੇਂ ਪਤਾ ਲਗਾ ਜਦੋਂ ਉਨ੍ਹਾਂ ਨੇ ਗੁੰਮ ਹੋਏ ਵਿਅਕਤੀਆਂ ਦੇ ਥਾਂ-ਟਿਕਾਣਿਆਂ ਬਾਰੇ ਸੂਚਨਾ ਮੰਗੀ। ਉਨ੍ਹਾਂ ਦੀ ਮੌਜੂਦਗੀ ਵਿਚ ਜ਼ਿਲ੍ਹਾ ਐਸ ਐਸ ਪੀਜ਼ ਨੇ ਇਨ੍ਹਾਂ "ਹਿਟ ਲਿਸਟਾਂ" ਦੀਆਂ ਫਾਈਲਾਂ ਮੰਗਵਾਈਆਂ ਅਤੇ ਇਸ ਦੀ ਪੁਸ਼ਟੀ ਕੀਤੀ ਕਿ ਕੀ ਉਹ ਹਿਟ ਲਿਸਟਾਂ ਤੇ ਸਨ ਵੀ ਜਾਂ ਨਹੀਂ। ਜੇਕਰ ਵਿਅਕਤੀ ਆਪਣੇ ਜ਼ਿਲ੍ਹੇ ਦੀ ਸੂਚੀ ਵਿਚ ਨਹੀਂ ਸੀ ਹੁੰਦਾ ਤਾਂ ਉਹ ਇਸ ਗੱਲ ਦੀ ਪੁਸ਼ਟੀ ਕਰਦੇ ਕਿ ਜੋ ਕੁਝ ਵੀ ਉਨ੍ਹਾਂ ਨਾਲ ਵਾਪਰਿਆ, ਉਸ ਵਿਚ ਉਨ੍ਹਾਂ ਦਾ ਕੋਈ ਹੱਥ ਨਹੀਂ ਹੈ,ਪਰੰਤੂ ਉਹ ਇਸ ਲਈ ਜਵਾਬਦੇਹ ਨਹੀਂ ਹੋਣਗੇ ਕਿ ਕਿਸੇ ਹੋਰ ਜ਼ਿਲ੍ਹੇ ਜਾਂ ਸੁਰੱਖਿਆ ਬਲਾਂ ਦੀ ਪੁਲਿਸ ਨੇ ਕੀ ਕੁਝ ਕੀਤਾ ਹੈ।

ਇਸ ਤੋਂ ਪਤਾ ਲਗਦਾ ਹੈ ਕਿ "ਹਿਟ ਲਿਸਟਾਂ" ਦਾ ਕੇਂਦਰੀਕਰਣ ਕੀਤਾ ਹੋਇਆ ਸੀ ਅਤੇ ਇਹ ਵੱਖ ਵੱਖ ਸੁਰੱਖਿਆ ਬਲਾਂ ਦੁਆਰਾ ਬਣਾਈਆਂ ਗਈਆਂ ਲਿਸਟਾਂ ਤੋਂ ਇਕੱਤਰ ਕੀਤੀਆਂ ਗਈਆਂ ਸਨ। ਇਸ ਦਾ ਪੁਰਜ਼ੋਰ ਸ਼ੱਕ ਕੀਤਾ ਜਾਂਦਾ ਹੈ ਕਿ ਇਥੇ ਕੋਈ "ਮਾਸਟਰ ਕਮਪਾਈਲਰ" ਹੈ ਜਿਹੜਾ ਲਗਾਤਾਰ ਇਨ੍ਹਾਂ ਨੂੰ ਮਿਤੀ-ਅੰਤ ਤਕ ਤਿਆਰ ਕਰਦਾ ਹੈ ਅਤੇ ਉਨ੍ਹਾਂ ਵਿਚ ਸੋਧਾਂ ਕਰਦਾ ਹੈ। ਐਪਰ, ਐਸ.ਐਸ.ਪੀਜ਼., ਉਨ੍ਹਾਂ ਨੂੰ ਭੇਜੀਆਂ ਜਾਂਦੀਆਂ ਲਿਸਟਾਂ ਵਿਚ ਆਪਣੀਆਂ 'ਨਿੱਜੀ ਤਰਜੀਹਾਂ' ਨੂੰ ਸ਼ਾਮਲ ਕਰ ਦਿੰਦੇ ਹੋਣਗੇ।

*ਪੁਲਿਸ ਨੂੰ ਅਪਰਾਧੀ ਬਣਾਉਣਾ*

ਪੁਲਿਸ ਨੂੰ ਅਪਰਾਧੀ ਬਣਾਉਣਾ ਜੂਲੀਅਸ ਰਿਬੈਰੋ ਨੇ ਸ਼ੁਰੂ ਕੀਤਾ, ਜਦੋਂ ਉਹ ਪੁਲਿਸ ਦਾ ਡਾਇਰੈਕਟਰ ਜਨਰਲ ਸੀ। ਉਸ ਨੇ ਚੌਕਸਾਂ (ਵਿਜੀਲੈਂਟਸ) ਵਜੋਂ ਵਿਅਕਤੀ ਭਰਤੀ ਕੀਤੇ ਅਤੇ ਉਨ੍ਹਾਂ ਵਿਚੋਂ ਕਈਆਂ ਨੂੰ ਬਾਅਦ ਵਿਚ ਨਿਯਮਿਤ ਤੌਰ ਤੇ ਪੁਲਸ ਵਿਚ ਖਪਾ ਲਿਆ। ਇਹ ਇਕ ਬਹੁਤ ਲਾਲਸਾ ਦੇਣ ਵਾਲੀ ਕਾਰਵਾਈ ਸੀ : ਜਿਹੜੇ ਵਿਅਕਤੀਆਂ ਨੂੰ ਆਮ ਹਾਲਾਤ ਵਿਚ ਕੋਈ ਨੌਕਰੀ ਮਿਲਣੀ ਬੜੀ ਮੁਸ਼ਕਲ ਸੀ, ਉਹ ਸਰਕਾਰੀ ਨੌਕਰੀ ਲੈ ਸਕਦੇ ਸਨ ਜਿਸ ਵਿਚ ਬੜੇ ਠੋਸ ਲਾਭ ਮਿਲਦੇ ਹਨ। ਇਸ ਤਰ੍ਹਾਂ ਭਰਤੀ ਕੀਤੇ ਗਏ ਚੌਕਸਾਂ, ਜਿਨ੍ਹਾਂ ਨੇ ਸ਼ੱਕੀ ਅੱਤਵਾਦੀਆਂ ਦਾ ਖ਼ਾਤਮਾ ਕੀਤਾ, ਨੂੰ ਹੋਰ ਵੀ "ਪ੍ਰਭਾਵਸ਼ਾਲੀ" ਬਣਾਉਣ ਲਈ, ਬੜੇ ਵੱਡੇ ਵੱਡੇ ਇਨਾਮ ਦਿੱਤੇ ਗਏ। (ਚੌਕਸਾਂ ਦੀ ਕਾਰਵਾਈ ਤੇ ਹੋਰ ਵਿਸਥਾਰ ਉਨ੍ਹਾਂ ਨੂੰ ਨਾਲ ਸਬੰਧਤ ਅਧਿਆਇ ਵਿਚ ਦਿੱਤਾ ਗਿਆ ਹੈ।)

ਲੇਕਿਨ, ਇਸ ਸਕੀਮ ਵਿਚ ਇਕ ਤਰੁੱਟੀ ਸੀ : ਜਿਹੜੇ ਵਿਅਕਤੀ, 'ਹੱਤਿਆ ਕਰਨ ਦੇ ਲਸੰਸ' ਨਾਲ ਹੱਤਿਆਵਾਂ ਕਰਨ ਦੇ ਆਦੀ ਹੋ ਗਏ ਸਨ ਉਹ ਅਨੁਸ਼ਾਸਨ ਵਿਚ ਨਹੀਂ ਰਹਿੰਦੇ ਸਨ। ਉਨ੍ਹਾਂ ਵਿਚੋਂ ਇਕ ਦਲਬੀਰ ਸਿੰਘ, ਜਿਸ ਦਾ ਫਾਇਦਾ ਪਹਿਲਾਂ ਅੰਮ੍ਰਿਤਸਰ ਪੁਲਿਸ ਲੈ ਚੁੱਕੀ ਸੀ, ਬਾਅਦ ਵਿਚ ਪਟਿਆਲੇ ਬਦਲ ਦਿੱਤਾ ਗਿਆ ਸੀ, ਜਿਥੇ ਉਸ ਨੇ ਉਥੋਂ ਦੇ ਐਸ.ਐਸ.ਪੀ. ਅਤੇ ਇਕ ਹੋਰ ਸੀਨੀਅਰ ਪੁਲਿਸ ਅਫਸਰ ਨੂੰ ਮਾਰ ਦਿੱਤਾ ਸੀ, ਤੋਂ ਬਾਅਦ (30 ਅਗਸਤ, 1987 ਦੀ **ਦਿ ਟਾਈਮਜ਼ ਆਫ ਇੰਡੀਆ** ਵਿਚ ਛੱਪਿਆ), ਰਿਬੈਰੋ ਨੇ ਚੌਕਸਾਂ ਬਾਰੇ ਦੁਬਾਰਾ ਵਿਚਾਰ ਕੀਤਾ ਅਤੇ ਆਪਣੇ ਹੀ ਬਣਾਏ ਇਸ ਵਿੰਗ ਨੂੰ ਭੰਗ ਕਰਨ ਦੀ ਕੋਸ਼ਿਸ਼ ਕੀਤੀ ਪਰੰਤੂ ਉਨ੍ਹਾਂ ਦੇ ਕੁਝ ਕਰਨ ਤੋਂ ਪਹਿਲਾਂ ਉਨ੍ਹਾਂ ਦੀ ਤਬਦੀਲੀ ਹੋ ਗਈ।

ਉਸ ਦੇ ਉਤਰਾਧਿਕਾਰੀ ਕੇ. ਪੀ. ਐਸ. ਗਿੱਲ ਨੇ ਇਸ ਤੋਂ ਨਾਂਹ ਕੀਤੀ ਕਿ ਉਹ ਚੌਕਸਾਂ ਦੀ ਵਰਤੋਂ ਕਰ ਰਿਹਾ ਹੈ। 18 ਦਸੰਬਰ, 1991 ਨੂੰ ਕਈ ਦੋਸ਼ਾਂ ਦਾ ਹਵਾਲਾ ਦਿੰਦਿਆਂ ਕਿ ਪੁਲਿਸ ਦੇ ਲੋਟੂ ਟੋਲੇ ਪਿੰਡਾਂ ਵਿਚ

ਲੁੱਟ-ਮਾਰਾਂ ਕਰ ਰਹੇ ਹਨ ਅਤੇ ਔਰਤਾਂ ਨੂੰ ਪ੍ਰੇਸ਼ਾਨ ਕਰ ਰਹੇ ਹਨ, ਗਿੱਲ ਨੇ ਪ੍ਰੈਸ ਨੂੰ ਦੱਸਿਆ ਕਿ: "ਇਨ੍ਹਾਂ ਦੋਸ਼ਾਂ ਵਿਚ ਕੋਈ ਸਚਾਈ ਨਹੀਂ ਹੈ ਕਿ ਵਰਦੀਧਾਰੀ ਪੁਲਿਸ ਵਾਲਿਆਂ ਦਾ ਹਾਲ ਹੀ ਵਿਚਲੀਆਂ ਚੋਰੀ ਅਤੇ ਡਾਕੇ ਦੀਆਂ ਘਟਨਾਵਾਂ ਪਿੱਛੇ ਹੱਥ ਹੈ। ਸਾਡੀ ਜਾਂਚ ਤੋਂ ਪਤਾ ਲਗਦਾ ਹੈ ਕਿ ਇਨ੍ਹਾਂ ਘਟਨਾਵਾਂ ਲਈ ਬਾਵਰੀਆ ਟੋਲੇ ਜ਼ਿੰਮੇਵਾਰ ਹਨ ... ਸ਼ੁਰੂ ਵਿਚ ਪਿੰਡਾਂ ਵਲੋਂ ਰਾਤ ਗਸ਼ਤ ਦੀ ਮੰਗ ਸੀ। ਹੁਣ, ਜਦੋਂ ਰਾਤ ਦਾ ਪਹਿਰਾ ਸ਼ੁਰੂ ਕਰ ਦਿੱਤਾ ਗਿਆ ਹੈ ਤਾਂ ਪੁਲਿਸ ਵਾਲਿਆਂ ਨੂੰ ਆਪਣੀ ਡਿਊਟੀ ਨਿਭਾਉਣ ਤੋਂ ਰੋਕਿਆ ਜਾ ਰਿਹਾ ਹੈ। ਇਸ ਸਮੱਸਿਆ ਨੂੰ ਹਲ ਕਰਨ ਲਈ ਪੁਲਿਸ ਨੂੰ ਰਾਜ ਵਿਚ ਰਾਤ ਦੀ ਗਸ਼ਤ ਲਈ ਵਿਚ ਸ਼ਾਮਲ ਕਰਨ ਲਈ ਹਦਾਇਤਾਂ ਜਾਰੀ ਕਰ ਦਿਤੀਆਂ ਗਈਆਂ ਹਨ। ਇਸ ਤੋਂ ਇਲਾਵਾ ਪੁਲਿਸ ਵਾਲਿਆਂ ਨੂੰ ਆਪਣੇ ਸ਼ਨਾਖਤੀ ਕਾਰਡ ਨਾਲ ਰੱਖਣ ਲਈ ਵੀ ਕਿਹਾ ਗਿਆ ਹੈ।" (**ਦਿ ਟ੍ਰਿਬਿਊਨ**, 20 ਦਸੰਬਰ, 1991)।

ਉਹ ਤਕਨੀਕੀ ਤੌਰ ਤੇ ਸਚਾਈ ਦੱਸ ਰਹੇ ਸਨ : ਪੁਲਿਸ ਵਾਲੇ ਜਦੋਂ ਲੁਟ-ਮਾਰਾਂ ਕਰਨ ਨਿਕਲਦੇ ਸਨ, ਵਰਦੀ ਨਹੀਂ ਪਾਉਂਦੇ ਸਨ। ਪਿੰਡ ਵਾਲਿਆਂ ਨੇ ਗਵਾਹੀ ਦਿੱਤੀ ਕਿ ਪੁਲਿਸ ਵਾਲੇ ਹਿੰਦੀ ਵਿਚ ਗੱਲਾਂ ਕਰਦੇ ਸਨ ਤਾਂ ਕਿ ਇਹ ਪਤਾ ਨਾ ਲੱਗੇ ਕਿ ਉਹ ਪੰਜਾਬ ਪੁਲਿਸ ਵਾਲੇ ਹਨ। ਇਹ ਯਾਦ ਰੱਖਣ ਵਾਲੀ ਗੱਲ ਹੈ ਕਿ ਜਦੋਂ ਗਿੱਲ ਦੂਜੀ ਵਾਰ ਪੰਜਾਬ ਪੁਲਿਸ ਦੇ ਮੁੱਖੀ ਬਣਿਆ ਤਾਂ ਉਸ ਨੇ ਸ਼ੁਰੂ ਦੇ ਮਹੀਨਿਆਂ ਵਿਚ ਉਸ ਨੂੰ ਪਹਿਲੇ ਅਹੁਦੇ ਅਰਥਾਤ ਕੇਂਦਰੀ ਰਿਜ਼ਰਵ ਪੁਲਿਸ ਫੋਰਸ ਦੇ ਡੀ.ਜੀ.ਪੀ. ਦੇ ਅਹੁਦੇ ਤੋਂ ਫਾਰਗ ਨਹੀਂ ਕੀਤਾ ਗਿਆ ਸੀ। ਕੀ ਸੀ.ਆਰ.ਪੀ.ਐਫ. ਦੇ ਵਿਅਕਤੀਆਂ ਨੂੰ "ਕਾਲੇ ਕੱਛਿਆਂ ਵਾਲੇ" ਓਪਰੇਸ਼ਨ ਲਈ ਵਰਤਿਆ ਗਿਆ ਸੀ। ਉਹ ਵੀ ਆਪਣੀਆਂ ਗੱਲਾਂ ਹਿੰਦੀ ਵਿਚ ਕਰਦੇ ਹੋਣਗੇ।

ਇਹ ਸ਼ੱਕ ਕਿ ਮੁਜਰਮ ਪੰਜਾਬ ਪੁਲਿਸ ਨੂੰ "ਪਿਆਰੇ" ਸਨ, ਕਈ ਉਦਾਹਰਣਾਂ ਤੇ ਆਧਾਰਤ ਸੀ, ਜਦੋਂ ਪਿੰਡ ਵਾਲਿਆਂ ਨੇ ਲੁਟੇਰਿਆਂ ਨੂੰ ਪਕੜਿਆ ਅਤੇ ਪੁਲਿਸ ਦੀਆਂ ਬਹੁਤ ਵੱਡੀਆਂ ਵੱਡੀਆਂ ਪਾਰਟੀਆਂ, ਕਦੀਂ ਕਦੀਂ ਡੀ.ਐਸ.ਪੀਜ਼. ਦੀ ਅਗਵਾਈ ਹੇਠ, ਪਿੰਡ ਵਾਲਿਆਂ ਦੁਆਰਾ ਪੁਲਿਸ ਨੂੰ ਇਹ ਸੂਚਿਤ ਕਰਨ ਤੋਂ ਪਹਿਲਾਂ ਹੀ ਕਿ ਲੁਟੇਰੇ ਉਨ੍ਹਾਂ ਦੀ ਹਿਰਾਸਤ ਵਿਚ ਹਨ, ਆਪਣੇ ਆਦਮੀਆਂ ਨੂੰ ਛੁਡਵਾਉਣ ਲਈ ਘਟਨਾ ਵਾਲੀ ਜਗ੍ਹਾ ਤੇ ਪਹੁੰਚ ਜਾਂਦੀਆਂ ਸਨ। (ਇਹੋ ਜਿਹੀ ਇਕ ਘਟਨਾ ਦੀ ਰਿਪੋਰਟ ਅਕਤੂਬਰ, 1991 ਵਿਚ ਧਨੌਲਾ, ਜ਼ਿਲ੍ਹਾ ਸੰਗਰੂਰ ਤੋਂ ਮਿਲੀ ਸੀ।)

ਗਿੱਲ ਨੇ ਇਨ੍ਹਾਂ ਚੌਕਸਾਂ ਦੀ ਵਰਤੋਂ ਕਰਨ ਨੂੰ ਜਾਰੀ ਹੀ ਨਹੀਂ ਰੱਖਿਆ ਬਲਕਿ ਇਸ ਕਾਰਵਾਈ ਨੂੰ ਹੋਰ ਸੋਧ ਦਿੱਤਾ ਅਤੇ ਉਨ੍ਹਾਂ ਨੂੰ ਪੰਜਾਬ ਪੁਲਿਸ ਦੀ ਬਾਕਾਇਦਾ ਸ਼ਕਤੀ ਬਣਾ ਦਿੱਤਾ। ਉਨ੍ਹਾਂ ਨੂੰ ਬਿਨਾਂ ਕਿਸੇ ਹਿਸਾਬ-ਕਿਤਾਬ ਵਿਚ ਰੱਖਣ ਦੇ ਡਰ ਤੋਂ ਕਿਸੇ ਢੰਗ ਅਤੇ ਕਿਸੇ ਵੀ ਵਰਤੋਂ ਕਰਨ

ਲਈ ਇਨਾਮ ਬੜੀ ਉਦਾਰਤਾ ਨਾਲ ਦਿੱਤੇ ਗਏ ਸਨ। ਬਸ ਇਹੀ ਕਿ ਉਨ੍ਹਾਂ ਨੂੰ ਰੋਜ਼ਾਨਾ ਵੱਧ ਤੋਂ ਵੱਧ ਖਾੜਕੂਆਂ ਦੀਆਂ ਲਾਸ਼ਾਂ ਪੇਸ਼ ਕਰਨ ਦੇ ਯੋਗ ਬਣਾਉਣਾ ਸੀ।

ਸਤੰਬਰ 12, 1988 ਨੂੰ **ਟਾਈਮਜ਼ ਆਫ ਇੰਡੀਆਂ** ਨੇ ਬਟਾਲਾ ਤੋਂ ਖਬਰ ਦਿੱਤੀ : "ਜਸਵਿੰਦਰ ਸਿੰਘ 'ਕਾਲਾ'', ਪੁਲਿਸ ਹਿੱਟ ਸਕੁਐਡ ਦੇ ਇਕ ਮੈਂਬਰ ਦੀ ਉਸ ਦੀ ਆਪਣੀ ਹੀ ਟੋਲੀ ਦੇ ਸਾਥੀਆਂ ਦੁਆਰਾ ਅਚਾਨਕ ਗੋਲੀ ਚਲਣ ਨਾਲ ਇਕ ਘਟਨਾ ਵਿਚ ਹੋਈ ਮੌਤ ਨੇ ਇਸ ਤੱਥ ਤੋਂ ਇਲਾਵਾ ਭੈ ਪੈਦਾ ਕਰ ਦਿੱਤੇ ਕਿ ਇਸ ਨੇ ਇਕ ਭੋਲੇ-ਭਾਲੇ ਨੌਜਵਾਨ ਦੀ ਜ਼ਿੰਦਗੀ ਲੈ ਲਈ ਹੈ।

"'ਕਾਲਾ' ਜੋ ਤਕਨੀਕੀ ਤੌਰ ਤੇ ਬਟਾਲਾ ਪੁਲਿਸ ਦਾ ਸਿਪਾਹੀ ਸੀ, ਪਰੰਤੂ ਅਸਲੀਅਤ ਵਿਚ ਪੁਲਿਸ ਦਾ ਇਕ 'ਟਾਊਟ' ਜਾਂ ਇਕ ਆਮ ਵਿਅਕਤੀ ਦੀ ਤਰ੍ਹਾਂ ਇਕ ਅੰਡਰਗਰਾਊਂਡ ਹਿੱਟ ਸਕੁਐਡ ਦਾ ਮੈਂਬਰ ਸੀ, ਇਥੋਂ ਕੋਈ 10 ਕਿਲੋਮੀਟਰ ਕਲੇਰ ਖੁਰਦ ਪਿੰਡ ਵਿਚ ਇਕ ਪਰਿਵਾਰ ਨੂੰ ਲੁੱਟਦਿਆਂ ਐਤਵਾਰ ਦੀ ਰਾਤ ਨੂੰ ਮਾਰਿਆ ਗਿਆ ਸੀ।

"ਪੰਜਾਬ ਪੁਲਿਸ ਦੇ ਮੁੱਖੀ ਕੇ.ਪੀ.ਐਸ. ਗਿੱਲ ਨੇ ਕਲ ਚੰਡੀਗੜ੍ਹ ਵਿਚ ਐਲਾਨ ਕੀਤਾ ਹੈ ਕਿ 'ਕਾਲਾ' ਅਤੇ ਉਸ ਦੇ ਗਿਰੋਹ ਦੇ ਮੈਂਬਰਾਂ, ਜਿਨ੍ਹਾਂ ਨੂੰ ਸਪੈਸ਼ਲ ਪੁਲਿਸ ਅਫਸਰਾਂ ਦੇ ਰੈਂਕ ਦਿੱਤੇ ਗਏ ਸਨ, ਨੂੰ ਉਨ੍ਹਾਂ ਵਿਰੁੱਧ ਲੁੱਟ-ਮਾਰ ਦੀਆਂ ਰਿਪੋਰਟਾਂ ਮਿਲਣ ਤੋਂ ਬਾਅਦ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਗਿਆ ਸੀ। ਲੇਕਿਨ ਪੜਤਾਲਾਂ ਤੋਂ ਪਤਾ ਲੱਗਾ ਕਿ 'ਕਾਲਾ' ਅਜੇ ਵੀ ਇਕ ਸਿਪਾਹੀ ਵਜੋਂ ਪੁਲਿਸ ਵਿਚ ਕੰਮ ਕਰ ਰਿਹਾ ਹੈ। ਹੋਰ ਤਾਂ ਹੋਰ, ਜਿਵੇਂ ਕੁਝ ਪੁਲਿਸ ਅਫਸਰਾਂ, ਜਿਹੜੇ ਆਪਣਾ ਨਾਂ ਗੁਪਤ ਰੱਖਣਾ ਚਾਹੁੰਦੇ ਸਨ, ਨੇ ਦੱਸਿਆ ਕਿ ਕਾਲੇ ਦੇ ਗਰੋਹ ਦੇ ਇਕ ਆਦਮੀ ਪਾਸ ਏ ਕੇ-47 ਅਸਾਲਟ ਰਾਈਫਲ ਵੀ ਹੈ।

"ਇਸ ਮਹੀਨੇ ਦੇ ਸ਼ੁਰੂ ਵਿਚ ਇਸ ਪੱਤਰਕਾਰ ਨਾਲ ਇੰਟਰਵਿਊ ਵਿਚ ਕਾਲੇ ਨੇ ਦੱਸਿਆ ਸੀ ਕਿ ਉਸ ਨੇ ਅਤੇ ਉਸ ਦੀ ਗੈਂਗ ਦੇ 11 ਮੈਂਬਰਾਂ, ਜਿਨ੍ਹਾਂ ਵਿਚ ਉਸ ਦਾ ਪਿਤਾ, ਜੁਗਿੰਦਰ ਸਿੰਘ, ਭਰਾ ਲਖਵਿੰਦਰ ਸਿੰਘ ਅਤੇ ਸਾਲਾ ਚਰਨਜੀਤ ਸਿੰਘ ਚੰਨੀ ਵੀ ਸ਼ਾਮਲ ਹੈ, ਨੇ ਪਿਛਲੇ ਇਕ ਸਾਲ ਵਿਚ ਲਗਭਗ ਇਕ ਦਰਜਨ ਅੱਤਵਾਦੀਆਂ ਨੂੰ ਪਕੜਿਆ ਜਾਂ ਮਾਰਿਆ ਸੀ। ਉਸ ਨੇ ਦੱਸਿਆ ਕਿ ਚਾਰ ਏ ਕੇ-47 ਰਾਈਫਲਾਂ ਉਨ੍ਹਾਂ ਨੇ ਮਾਰੇ ਗਏ ਅੱਤਵਾਦੀਆਂ ਪਾਸੋਂ ਬਰਾਮਦ ਕੀਤੀਆਂ ਸਨ, ਉਹ ਉਨ੍ਹਾਂ ਨੂੰ ਬਟਾਲੇ ਦੇ ਸਾਬਕਾ ਐਸ.ਐਸ.ਪੀ. ਗੋਬਿੰਦ ਰਾਮ ਦੁਆਰਾ ਦਿੱਤੀਆਂ ਗਈਆਂ ਸਨ।"

ਗੈਂਗ ਦੇ ਇਕ ਮੈਂਬਰ ਬਿੱਲੇ ਨੇ 'ਕਾਲੇ' ਨੂੰ ਗੋਲੀ ਮਾਰ ਦਿੱਤੀ ਜਦੋਂ ਉਹ ਅਚਾਨਕ ਇਕ ਕਮਰੇ ਵਿਚੋਂ ਬਾਹਰ ਨਿਕਲਿਆ। ਇਹ ਇਕ ਦਹਿਸ਼ਤ ਦਾ ਪ੍ਰਤਿਕ੍ਰਮ ਜਾਪਦਾ ਸੀ ਪਰੰਤੂ **ਟਾਈਮਜ਼** ਅਖਬਾਰ ਦੇ ਪੱਤਰਕਾਰ ਨੇ

ਜਾਰੀ ਰੱਖਿਆ ... ਆਬਜ਼ਰਵਰ ਨੇ ਟਿੱਪਣੀ ਕੀਤੀ ਕਿ ਸ਼ਾਇਦ ਬਿੱਲੇ ਨੂੰ, 'ਕਾਲੇ' ਨੂੰ ਖ਼ਤਮ ਕਰਨ ਦਾ ਕੰਮ ਸੌਂਪਿਆ ਗਿਆ ਹੋਵੇ ਕਿਉਂਕਿ ਉਸ ਨੂੰ ਇਕ "ਟਾਊਟ" ਦੱਸਿਆ ਗਿਆ ਸੀ।" ਜੇਕਰ ਇਸ ਤਰ੍ਹਾਂ ਹੋਇਆ ਸੀ ਤਾਂ ਜਸਵਿੰਦਰ ਸਿੰਘ ਕਾਲੇ ਦਾ ਹਾਲ ਬਾਹਲੇ ਉਨ੍ਹਾਂ "ਟਾਊਟਾਂ" ਵਾਲਾ ਹੋਇਆ, ਕੁਝ ਇਕ ਨੂੰ ਛੱਡ ਕੇ, ਜਿਨ੍ਹਾਂ ਦੀ ਕਹਾਣੀ ਪਹਿਲਾਂ ਇਸ ਅਧਿਆਇ ਵਿਚ ਦੱਸੀ ਗਈ ਹੈ।

### *ਚੋਣ ਨਾਲ ਸਬੰਧਤ ਹੱਤਿਆਵਾਂ*

ਅਕਾਲੀ ਸਰਕਾਰ ਨੂੰ ਬਰਖਾਸਤ ਕਰਨ ਤੋਂ ਬਾਅਦ, ਪੰਜਾਬ ਵਿਚ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ ਗਿਆ। ਸੰਵਿਧਾਨਕ ਤੌਰ ਤੇ ਰਾਸ਼ਟਰਪਤੀ ਰਾਜ ਛੇ ਮਹੀਨਿਆਂ ਲਈ ਲਾਗੂ ਕੀਤਾ ਜਾ ਸਕਦਾ ਹੈ। ਹੋਰ ਵਾਧੇ ਦੀ ਪਾਰਲੀਮੈਂਟ ਪਾਸੋਂ ਪ੍ਰੋੜ੍ਹਤਾ ਜ਼ਰੂਰ ਹੋਣੀ ਚਾਹੀਦੀ ਹੈ। ਲੇਕਿਨ, ਪੰਜਾਬ ਦੇ ਕੇਸ ਵਿਚ, 1987 ਤੋਂ ਲੈ ਕੇ, ਜਦੋਂ ਸੁਰਜੀਤ ਸਿੰਘ ਬਰਨਾਲਾ ਦੀ ਸਰਕਾਰ ਗਿਰੀ ਸੀ, ਰਾਸ਼ਟਰਪਤੀ ਰਾਜ ਫਰਵਰੀ, 1992 ਤਕ ਵਾਰ ਵਾਰ ਵਧਾਇਆ ਗਿਆ ਸੀ। ਇਸ ਸਮੇਂ ਦੇ ਦੌਰਾਨ, ਪੁਲਿਸ ਨੇ ਅਸਹਿਮਤੀ, ਜਿਹੜੀ ਚਾਹੇ ਸੰਵਿਧਾਨਕ ਤੌਰ ਤੇ ਦਿੱਤੀ ਗਈ ਆਜ਼ਾਦੀ ਅਨੁਸਾਰ ਰਾਜਨੀਤਕ ਪ੍ਰਣਾਲੀ ਅੰਦਰ ਜਾਂ ਅੱਤਵਾਦ ਦੇ ਰੂਪ ਵਿਚ ਕਾਨੂੰਨ ਤੋਂ ਬਾਹਰ ਜਾ ਕੇ ਪ੍ਰਗਟ ਕੀਤੀ ਗਈ ਹੋਵੇ, ਨੂੰ ਰੋਕਣ ਲਈ ਦਗਿਸ਼ਤ ਦੇ ਅਧਿਕਾਰ-ਖੇਤਰ ਨੂੰ ਖੁਲ੍ਹ ਦੇ ਦਿੱਤੀ ਪਰੰਤੂ ਇਹ ਉਸ ਚੀਜ਼ ਨੂੰ ਰੋਕ ਨਾ ਸਕੀ।

ਭਾਰਤੀ ਸੰਵਿਧਾਨ ਦਾ ਅਨੁਛੇਦ 356, ਪ੍ਰਧਾਨ ਮੰਤਰੀ ਦੀ ਸਲਾਹ ਤੇ ਰਾਸ਼ਟਰਪਤੀ ਨੂੰ ਲੋਕਤੰਤਰਿਕ ਤੌਰ ਤੇ ਚੁਣੀ ਹੋਈ ਰਾਜ ਸਰਕਾਰ ਨੂੰ ਭੰਗ ਕਰਨ ਅਤੇ ਰਾਜ ਦਾ ਪ੍ਰਸ਼ਾਸਨ ਰਾਜਪਾਲ, ਜਿਹੜਾ ਉਸ ਦੇ ਨੁਮਾਇੰਦੇ ਵਜੋਂ ਕੰਮ ਕਰਦਾ ਹੈ, ਨੂੰ ਸੌਂਪਣ ਦੀ ਸ਼ਕਤੀ ਦਿੰਦਾ ਹੈ। ਦੂਜੇ ਲਫ਼ਜ਼ਾਂ ਵਿਚ ਇਹ ਕਹਿ ਲਉ ਕਿ ਕੇਂਦਰੀ ਸਰਕਾਰ ਦਾ ਰਾਜ ਤੇ ਸਿੱਧਾ ਕੰਟ੍ਰੋਲ ਹੁੰਦਾ ਹੈ। 1951 ਤੋਂ ਰਾਸ਼ਟਰਪਤੀ ਰਾਜ 98 ਵਾਰ ਲਾਗੂ ਕੀਤਾ ਗਿਆ ਹੈ ਅਤੇ ਅਰੁਨਾਂਚਲ ਨੂੰ ਛੱਡ ਕੇ ਹਰ ਵਾਰ ਰਾਜ ਵਿਚ ਇਕ ਜਾਂ ਇਕ ਤੋਂ ਵੱਧ ਵਾਰੀਂ ਰਾਸ਼ਟਰਪਤੀ ਰਾਜ ਰਿਹਾ ਹੈ। ਪੰਜਾਬ ਨੂੰ ਭਾਰਤੀ ਸੰਘ ਵਿਚ ਕਿਸੇ ਹੋਰ ਸੂਬੇ ਨਾਲੋਂ ਬਹੁਤ ਲੰਬਾ ਸਮਾਂ ਰਾਸ਼ਟਰਪਤੀ ਸ਼ਾਸਨ ਲਾਗੂ ਰਹਿਣ ਦਾ ਵਿਸ਼ੇਸ਼ ਮਾਣ ਪ੍ਰਾਪਤ ਹੋਇਆ ਹੈ। 1951 ਤੋਂ ਭਾਰਤ ਦੇ ਨੌਂ ਪ੍ਰਧਾਨ ਮੰਤਰੀ ਹੋਏ ਹਨ : ਉਨ੍ਹਾਂ ਵਿਚੋਂ ਅੱਠ ਪ੍ਰਧਾਨ ਮੰਤਰੀਆਂ ਦੇ ਸ਼ਾਸਨ ਦੌਰਾਨ ਰਾਸ਼ਟਰਪਤੀ ਰਾਜ ਲਾਗੂ ਕਰਨ ਦੀਆਂ 50 ਮਿਸਾਲਾਂ ਹਨ; ਉਨ੍ਹਾਂ ਵਿਚੋਂ ਇਕ ਲਈ 48 ਉਦਾਹਰਣਾਂ ਹਨ। ਇਹ ਅੰਦਾਜ਼ਾ ਲਗਾਉਣ ਦਾ ਕੋਈ ਇਨਾਮ ਨਹੀਂ ਹੈ - ਉਹ ਸੀ ਸ਼੍ਰੀਮਤੀ ਇੰਦਰਾ ਗਾਂਧੀ।

ਜਦ ਕਦੀਂ ਚੋਣਾਂ ਕਰਵਾਉਣ ਦੀ ਗਲ ਚਲਦੀ, ਤਾਂ ਪੰਜਾਬ ਪੁਲਿਸ

ਤੁਰਤ ਇਸ ਦੇ ਵਿਰੁੱਧ ਆਪਣੀ ਆਵਾਜ਼ ਉਠਾਉਂਦੀ ਸੀ। ਚੋਣਾਂ ਕਰਾਉਣ ਦੀ ਕਈ ਵਾਰ ਕੋਸ਼ਿਸ਼ ਕੀਤੀ ਗਈ ਪਰੰਤੂ ਡਾਇਰੈਕਟਰ ਜਨਰਲ ਪੁਲਿਸ ਹਰ ਵਾਰੀਂ ਚੋਣਾਂ ਦੇ ਭਿਆਨਕ ਨਤੀਜਿਆਂ ਦੀ ਭਵਿੱਖਬਾਣੀ ਕਰਦੇ। ਦਰਅਸਲ, ਜੇਕਰ ਸੋਮਵਾਰ ਨੂੰ ਅਖਬਾਰ ਵਿਚ ਸੁਰਖੀਆਂ ਛਪਦੀਆਂ ਕਿ ਕੇਂਦਰ ਸਰਕਾਰ ਨੇ ਕੁਝ ਪਾਰਟੀ ਨੇਤਾਵਾਂ ਨਾਲ ਗਲਬਾਤ ਕੀਤੀ ਅਤੇ ਚੋਣਾਂ ਕਰਾਉਣ ਦੀ ਸੰਭਾਵਨਾ ਤੇ ਵਿਚਾਰ-ਵਟਾਂਦਰਾ ਕੀਤਾ, ਤਾਂ ਮੰਗਲਵਾਰ ਦੀਆਂ ਅਖਬਾਰਾਂ ਵਿਚ ਇਹ ਸੁਰਖੀਆਂ ਹਰ ਹਾਲਤ ਵਿਚ ਛਪਦੀਆਂ ਕਿ ਇਕ ਬੱਸ ਜਾਂ ਗੱਡੀ ਵਿਚ ਕੋਈ ਦੁਖਾਂਤ ਘਟਨਾ ਵਾਪਰੀ ਹੈ।

"ਗੱਲਬਾਤ - ਹੱਤਿਆਵਾਂ - ਗੱਲਬਾਤ - ਹੱਤਿਆਵਾਂ" ਦੇ ਪੈਟਰਨ ਤੋਂ ਅੰਦਾਜ਼ਾ ਲਗਾਉਣਾ ਏਨਾ ਸੌਖਾਲਾ ਹੋ ਗਿਆ ਸੀ ਕਿ ਸਾਧਾਰਨ ਨਾਗਰਿਕ ਵੀ ਇਨ੍ਹਾਂ ਖ਼ੂਨ-ਖਰਾਬਿਆਂ ਦਾ ਅੰਦਾਜ਼ਾ ਲਗਾ ਸਕਦੇ ਸਨ। ਪੁਲਿਸ ਦੀਆਂ ਭਵਿੱਖ ਬਾਣੀਆਂ ਹਮੇਸ਼ਾਂ ਹੀ ਸੱਚੀਆਂ ਨਿਕਲਦੀਆਂ ਸਨ ਅਤੇ ਹੈਰਾਨ ਕਰਨ ਵਾਲੀਆਂ ਹੁੰਦੀਆਂ ਸਨ। ਕੀ ਗਿੱਲ ਖਾੜਕੂਆਂ ਦੇ ਅੰਦਰੋਂ ਝਾਤ ਮਾਰ ਕੇ ਦੇਖ ਲੈਂਦਾ ਸੀ? ਜਾਂ ਕਿ ਉਸ ਦੀ ਦਿਮਾਗ-ਵਾਚਣ ਦੀ ਰੇਂਜ ਤੁਰਤ ਲੋੜੀਂਦੇ ਸਰਕਲ ਤਕ ਸੀਮਿਤ ਸੀ? ਖ਼ੈਰ, ਡੀ ਜੀ ਪੀ ਠੀਕ ਸੀ: ਸਥਿਤੀ ਚੋਣਾਂ ਕਰਾਉਣ ਲਈ ਢੁੱਕਵੀਂ ਨਹੀਂ ਸੀ ... ਨਿਸ਼ਚੇ ਹੀ ਨਹੀਂ ਜਿਥੋਂ ਤਕ ਇਹ ਮੌਕਾ ਸੀ ਕਿ ਵੋਟਰ ਫਿਰ ਅਕਾਲੀਆਂ ਨੂੰ ਸੱਤਾ ਵਿਚ ਲਿਆਉਣ ਲਈ ਵੋਟਾਂ ਪਾਉਣਗੇ ਅਤੇ ਇਹ ਸਰਕਾਰ ਪੁਲਿਸ ਦੇ ਹਿੱਤਾਂ ਦੀ ਰਾਖੀ ਨਹੀਂ ਕਰੇਗੀ।

**ਇਕਨਾਮਿਕ ਟਾਈਮਜ਼** ਨੇ 21 ਮਈ, 1991 ਨੂੰ ਛਾਪਿਆ :

"ਪੰਜਾਬ ਪੁਲਿਸ ਦੇ ਕਰਮਚਾਰੀ ਅਸੈਂਬਲੀ ਚੋਣਾਂ ਕਰਾਉਣ ਦੀਆਂ ਤਿਆਰੀਆਂ ਕਰ ਰਹੇ ਹਨ ਅਤੇ ਰਾਜ ਵਿਚ ਅੱਤਵਾਦੀਆਂ ਦੀ ਸਰਕਾਰ ਸੱਤਾ ਵਿਚ ਆ ਰਹੀ ਹੈ। ਸੂਤਰਾਂ ਤੋਂ ਪਤਾ ਲੱਗਾ ਕਿ ਪੁਲਿਸ ਦੁਆਰਾ ਕੁਝ ਅਹਿਮ ਰਿਕਾਰਡ ਸਿਲਸਿਲੇਵਾਰ ਨਸ਼ਟ ਕੀਤੇ ਜਾ ਰਹੇ ਹਨ। ਇਨ੍ਹਾਂ ਵਿਚੋਂ ਬਹੁਤੇ ਮੁਕਾਬਲਿਆਂ ਦੇ ਕੇਸਾਂ ਨਾਲ ਸਬੰਧਤ ਹਨ। ਪੁਲਿਸ ਵਾਲੇ ਨਾ ਤਾਂ ਇਨ੍ਹਾਂ ਤੋਂ ਮੁਕਰਦੇ ਹਨ ਅਤੇ ਨਾ ਹੀ ਇਨ੍ਹਾਂ ਦੋਸ਼ਾਂ ਦੀ ਪੁਸ਼ਟੀ ਕਰਦੇ ਹਨ।

"ਜਦ ਕਿ ਅੱਤਵਾਦੀਆਂ, ਜਿਹੜੇ ਪੁਲਿਸ ਦੁਆਰਾ ਮੁਕਾਬਲਿਆਂ ਵਿਚ ਖ਼ਤਮ ਕਰ ਦਿੱਤੇ ਗਏ ਹਨ, ਦਾ ਕੋਈ ਸਰਕਾਰੀ ਰਿਕਾਰਡ ਨਹੀਂ ਹੈ ਅਤੇ ਉਨ੍ਹਾਂ ਖਾੜਕੂਆਂ ਦੀਆਂ ਪੁੱਛ-ਗਿੱਛ ਰਿਪੋਰਟਾਂ ਰਿਕਾਰਡ ਤੇ ਹਨ ਜਿਨ੍ਹਾਂ ਨੂੰ ਕਦੀਂ ਗਿਰਫਤਾਰ ਨਹੀਂ ਕੀਤਾ ਗਿਆ ਸੀ। ਫਿਰ ਇਥੇ ਕਰਮਚਾਰੀ ਅਸੈਸਮੈਂਟ ਰਿਪੋਰਟਾਂ ਹਨ, ਖ਼ਾਸ ਕਰਕੇ ਜਿਨ੍ਹਾਂ ਦਾ ਤਰੱਕੀ ਦੇ ਕੇਸਾਂ ਨਾਲ ਸਬੰਧ ਜਿਹੜੀਆਂ ਕੁਝ ਖਾੜਕੂਆਂ ਦੀਆਂ ਹੱਤਿਆਵਾਂ ਦਾ ਰਿਕਾਰਡ ਹਨ।

"ਪੁੱਛ-ਗਿੱਛ ਰਿਪੋਰਟਾਂ ਜਾਪਦਾ ਹੈ ਵੱਧ ਤੋਂ ਵੱਧ ਸਮੱਸਿਆਵਾਂ ਪੈਦਾ ਕਰ ਰਹੀਆਂ ਹਨ। ਕੇਂਦਰੀ ਜਾਂਚ ਏਜੰਸੀਆਂ ਖਾੜਕੂਆਂ ਦੀ ਪੁੱਛ-ਗਿੱਛ ਲਈ ਸਰਗਰਮੀ ਨਾਲ ਇਨ੍ਹਾਂ ਵਿਚ ਸ਼ਾਮਲ ਹਨ ਅਤੇ ਇਹ ਮਹਿਕਮੇ

ਦੇ ਪੱਤਰ-ਵਿਹਾਰ ਰਿਕਾਰਡ ਨੂੰ ਨਸ਼ਟ ਕਰਨ ਤੋਂ ਨਾਂਹ ਕਰਦੀਆਂ ਹਨ।"

"ਪੁਲਿਸ ਨੂੰ ਡਰ ਹੈ ਕਿ ਨਵੀਂ ਸਰਕਾਰ ਇਨ੍ਹਾਂ ਹੱਤਿਆਵਾਂ, ਜਿਹੜੀਆਂ ਉਨ੍ਹਾਂ ਦੇ ਕਾਨੂੰਨੀ ਹੱਕਾਂ ਤੋਂ ਦੂਰ ਹਨ, ਲਈ ਸ਼ਾਇਦ ਅਫਸਰਾਂ ਵਿਰੁੱਧ ਫ਼ੌਜਦਾਰੀ ਕਾਰਵਾਈਆਂ ਸ਼ੁਰੂ ਕਰਨ ਦੀ ਕੋਸ਼ਿਸ਼ ਕਰੇ।"

"ਪੁਲਿਸ ਕਰਮਚਾਰੀ ਮਹਿਸੂਸ ਕਰਦੇ ਹਨ ਕਿ ਕਿਸੇ ਸਰਕਾਰੀ ਕਰਮਚਾਰੀ ਤੇ ਉਸ ਤੇ ਰਾਸ਼ਟਰਪਤੀ ਸ਼ਾਸਨ ਦੌਰਾਨ ਕੀਤੀਆਂ ਗਈਆਂ ਵਧੀਕੀਆਂ ਬਦਲੇ ਕੇਂਦਰੀ ਸਰਕਾਰ ਦੀ ਆਗਿਆ ਬਗੈਰ ਮੁਕਦਮਾ ਚਲਾਉਣ ਲਈ ਰਾਜ ਸਰਕਾਰ ਨੂੰ ਬੇਵੱਸ ਕਰਨ ਲਈ ਰਾਸ਼ਟਰਪਤੀ ਦੁਆਰਾ ਹਾਲ ਹੀ ਵਿਚ ਜਾਰੀ ਕੀਤਾ ਗਿਆ ਆਰਡੀਨੈਂਸ ਕਿਸੇ ਹੱਦ ਤਕ ਉਨ੍ਹਾਂ ਦੀ ਸੁਰੱਖਿਆ ਕਰੇਗਾ। ਫਿਰ ਵੀ, ਰਿਕਾਰਡ ਨਸ਼ਟ ਕਰਨ ਤੋਂ ਪਤਾ ਲਗਦਾ ਹੈ ਕਿ ਉਹ ਆਪਣੇ ਆਪ ਨੂੰ ਸੁਰੱਖਿਅਤ ਕਰਨ ਦੀ ਲੋੜ ਮਹਿਸੂਸ ਕਰਦੇ ਹਨ।

"ਜਿਥੋਂ ਤਕ ਪੁਲਿਸ ਦਾ ਸਬੰਧ ਹੈ ਮੁਕਾਬਲੇ ਹਮੇਸ਼ਾ ਹੀ ਇਕ ਗੰਭੀਰ ਮਸਲਾ ਰਹੇ ਹਨ। ਕੁਝ ਸੀਨੀਅਰ ਅਫਸਰਾਂ ਨੇ ਕਿਹਾ ਕਿ ਅਜਿਹੀ ਕਾਰਵਾਈ ਦੀ ਕਦੀ ਵੀ ਇਜਾਜ਼ਤ ਨਹੀਂ ਦੇਣੀ ਚਾਹੀਦੀ ਸੀ ਕਿਉਂਕਿ ਪੁਲਿਸ ਦਾ ਕੰਮ ਹੈ "ਗਵਾਹੀ ਲੱਭਣਾ ਅਤੇ ਕੇਸ ਬਣਾ ਦੇਣਾ। ਅਸੀਂ ਅਧਿਕਾਰ-ਖੇਤਰ ਦੇ ਹੱਕਾਂ ਨੂੰ ਆਪਣੇ ਹੱਥਾਂ ਵਿਚ ਨਹੀਂ ਲੈ ਸਕਦੇ ਜਿਹੜਾ ਅਸੀਂ ਕਰਦੇ ਰਹੇ ਹਾਂ"। ਉਨ੍ਹਾਂ ਵਿਚੋਂ ਬਹੁਤੇ ਖ਼ਾਸ ਕਰਕੇ ਜਿਹੜੇ ਫੀਲਡ ਵਿਚ ਰਹੇ, ਇਸ ਗਲ ਤੇ ਬਜ਼ਿੱਦ ਰਹੇ ਕਿ ਹਾਲਾਤ ਅਧੀਨ ਹੋਰ ਕੋਈ ਰਸਤਾ ਨਹੀਂ ਸੀ। ਉਨ੍ਹਾਂ ਨੇ ਪੁਆਇੰਟ ਆਊਟ ਕੀਤਾ ਕਿ ਪਿਛਲੇ ਪੰਜਾਂ ਸਾਲਾਂ ਦੌਰਾਨ ਮੁੱਠੀ ਭਰ ਅੱਤਵਾਦੀਆਂ ਦੇ ਕੇਸਾਂ ਵਿਚ ਹੀ ਦੋਸ਼ ਸਿੱਧ ਹੋਏ ਹਨ ਅਤੇ ਜਦੋਂ ਕਿਸੇ ਕੱਟੜ ਅੱਤਵਾਦੀ ਨੂੰ ਅਦਾਲਤ ਵਿਚ ਪੇਸ਼ ਕੀਤਾ ਜਾਂਦਾ ਹੈ ਤਾਂ ਉਹ ਹਮੇਸ਼ਾਂ ਜ਼ਮਾਨਤ ਤੇ ਰਿਹਾ ਹੋ ਜਾਂਦਾ ਹੈ ਅਤੇ ਦਿਨਾਂ ਵਿਚ ਹੀ ਉਹ ਆਪਣੇ ਪੁਰਾਣੇ ਰਸਤੇ ਤੇ ਚਲ ਪੈਂਦਾ ਹੈ।

"ਪੁਲਿਸ ਇਸ ਵਜੋਂ ਸਾਰੀ ਜ਼ਿੰਮੇਵਾਰੀ ਉਨ੍ਹਾਂ ਤੇ ਸੁੱਟਣ ਲਈ ਅਫ਼ਸਰਸ਼ਾਹੀ ਤੇ ਦੋਸ਼ ਲਗਾਉਂਦੀ ਹੈ। 'ਜਦੋਂ ਨਿਆਂਪਾਲਕਾ ਨੇ ਕੁਝ ਨਹੀਂ ਕੀਤਾ ਤਾਂ ਸਾਨੂੰ ਗੈਰ-ਨਿਆਂਇਕ ਤਰੀਕਿਆਂ ਦੀ ਵਰਤੋਂ ਕਰਨ ਲਈ ਮਜਬੂਰ ਕੀਤਾ ਗਿਆ ਸੀ', ਇਕ ਅਫ਼ਸਰ ਨੇ ਇਸ ਸ਼ਰਤ ਤੇ ਕਿਹਾ ਕਿ ਉਸ ਦਾ ਨਾਂ ਨਾ ਲਿਆ ਜਾਵੇ। ਉਸ ਨੇ ਹੋਰ ਇਹ ਕਿਹਾ ਕਿ ਅਜਿਹੇ ਤਰੀਕੇ ਅਪਨਾਉਣ ਦਾ ਫ਼ੈਸਲਾ ਕੇਂਦਰ ਸਰਕਾਰ ਦੀ ਸਲਾਹ ਨਾਲ ਕੀਤਾ ਗਿਆ ਸੀ। ਉਸ ਨੇ ਕੱਟੜ ਅੱਤਵਾਦੀਆਂ ਦੀ ਗਿਣਤੀ ਵੀ ਦੱਸੀ ਜਿਨ੍ਹਾਂ ਨੂੰ ਉਸ ਨੇ ਜ਼ਿਲ੍ਹਿਆਂ ਵਿਚ ਆਪਣੀ ਤਾਇਨਾਤੀ ਸਮੇਂ ਮਰਵਾਇਆ ਸੀ। ਉਸ ਨੇ ਦੱਸਿਆ ਕਿ ਉਨ੍ਹਾਂ ਵਿਚੋਂ ਬਹੁਤੇ ਉੱਘੇ ਸਿਆਸਤਦਾਨਾਂ, ਬੱਸ ਯਾਤਰੂਆਂ ਦੀਆਂ ਹੱਤਿਆਵਾਂ ਅਤੇ ਬੰਬ ਧਮਾਕਿਆਂ ਲਈ ਜ਼ਿੰਮੇਵਾਰ ਸਨ।" ਅਗਰ ਅਸੀਂ ਉਨ੍ਹਾਂ ਨੂੰ ਅਦਾਲਤ ਵਿਚ ਪੇਸ਼ ਕਰਦੇ ਤਾਂ ਉਨ੍ਹਾਂ ਦੀ ਜ਼ਮਾਨਤ ਤੇ ਰਿਹਾ ਕਰ ਦਿੱਤਾ

ਜਾਣਾ ਸੀ ਅਤੇ ਉਨ੍ਹਾਂ ਨੇ ਕਈ ਹੋਰ ਭੋਲੇ-ਭਾਲੇ ਵਿਅਕਤੀਆਂ ਦੀਆਂ ਜਾਨਾਂ ਲੈ ਲੈਣੀਆਂ ਸਨ।' ਉਸਨੇ ਆਪਣੀ ਕਾਰਵਾਈ ਨੂੰ ਜਾਇਜ਼ ਠਹਿਰਾਇਆ ਅਤੇ ਕਿਹਾ ਕਿ ਉਸ ਨੇ ਕਦੀ ਕਿਸੇ ਸ਼ੱਕੀ ਨੂੰ ਨਹੀਂ ਮਾਰਿਆ, ਸਿਰਫ ਉਸੇ ਨੂੰ ਮਾਰਿਆ ਜਿਹੜਾ ਜਾਣਿਆ ਪਹਿਚਾਣਿਆ ਕੱਟੜ ਅੱਤਵਾਦੀ ਸੀ।

"ਪਰੰਤੂ ਪ੍ਰਵਾਨਗੀ ਦੀ ਗੈਰ-ਸਰਕਾਰੀ ਮੋਹਰ ਵਾਲੇ ਝੂਠੇ ਮੁਕਾਬਲਿਆਂ ਵਿਚ ਇਹੋ ਜਿਹੇ ਕੇਸ ਹਨ ਜਿਹੜੇ ਸ਼ੱਕਪੂਰਣ ਹਨ। ਅਤੇ ਜੇ ਕਦੀ ਵਿਭਾਗ ਦੇ ਕਿਸੇ ਅਫਸਰ ਨੇ ਕਿਸੇ ਕਾਰਵਾਈ ਬਾਰੇ ਕਿੰਤੂ ਪਰੰਤੂ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਸ ਨੂੰ ਲਾਂਭੇ ਕਰ ਦਿੱਤਾ ਗਿਆ।

ਮਿਸਟਰ ਜੇ.ਐਸ. ਚਾਹਲ ਅੰਦਰੂਨੀ ਚੌਕਸੀ ਦੇ ਇੰਚਾਰਜ ਆਈ ਜੀ ਨੇ ਪ੍ਰਸਿੱਧੀ ਹਾਸਲ ਕਰ ਲਈ ਸੀ ਜਦੋਂ ਉਸਨੇ ਭ੍ਰਿਸ਼ਟਾਚਾਰੀ ਦੇ ਕੇਸਾਂ ਦੀ ਸੂਚੀ ਤਿਆਰ ਕਰਨੀ ਬੰਦ ਕਰ ਦਿੱਤੀ; ਪਰੰਤੂ ਉਸ ਤੋਂ ਬਾਅਦ ਉਸਨੇ ਕੋਈ ਦੋ ਦਰਜਨ ਵਿਅਕਤੀਆਂ ਦੀ ਸੂਚੀ ਤਿਆਰ ਕੀਤੀ ਜਿਨ੍ਹਾਂ ਨੇ ਵਿਵਾਦਪੂਰਨ ਹੱਤਿਆਵਾਂ ਕੀਤੀਆਂ ਸਨ। ਇਸੇ ਕਾਰਨ ਉਸਨੂੰ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੇ ਚੇਅਰਮੈਨ ਵਜੋਂ ਬਦਲ ਦਿੱਤਾ ਗਿਆ।

"ਸਾਬਕਾ ਆਈ ਜੀ, ਐਮ.ਐਸ. ਭੁੱਲਰ ਨੇ ਵੀ ਭ੍ਰਿਸ਼ਟਾਚਾਰ ਦੂਰ ਕਰਨ ਦੀ ਕੋਸ਼ਿਸ਼ ਸ਼ੁਰੂ ਕੀਤੀ ਸੀ। ਸਾਬਕਾ ਐਸ ਐਸ ਪੀ, ਬਟਾਲਾ, ਮਿਸਟਰ ਗੋਬਿੰਦ ਰਾਮ, ਜਿਸ ਨੂੰ ਬਾਅਦ ਵਿਚ ਜਲੰਧਰ ਵਿਖੇ ਅੱਤਵਾਦੀਆਂ ਨੇ ਗੋਲੀ ਮਾਰ ਕੇ ਮਾਰ ਦਿੱਤਾ ਸੀ, ਸਮੇਤ ਪੁਲਿਸ ਦੇ ਕੁਝ ਅਫਸਰ ਉਸ ਦੀ ਮਿਆਦ ਸਮੇਂ ਬਦਲ ਦਿੱਤੇ ਗਏ ਸਨ। ਤਿੰਨ ਹੋਰਨਾਂ ਪਾਸੋਂ ਉਨ੍ਹਾਂ ਦੁਆਰਾ ਬਟੋਰੇ ਗਏ ਪੈਸੇ ਵਾਪਸ ਦਿਵਾਏ। ਫਿਰ ਮਿਸਟਰ ਭੁੱਲਰ ਨੇ, ਜਦੋਂ ਮਿਸਟਰ ਇਜ਼ਹਾਰ ਆਲਮ ਅੰਮ੍ਰਿਤਸਰ ਜ਼ਿਲ੍ਹੇ ਦਾ ਐਸ ਐਸ ਪੀ ਸੀ, ਉਸ ਸਮੇਂ ਦੌਰਾਨ ਉਸ ਜ਼ਿਲ੍ਹੇ ਤੋਂ ਗੁੰਮ ਹੋਏ ਵਿਅਕਤੀਆਂ ਦੀ ਸੂਚੀ ਹੈੱਡਕੁਆਰਟਰ ਨੂੰ ਪੇਸ਼ ਕੀਤੀ। ਮਿਸਟਰ ਭੁੱਲਰ ਨੇ ਦੱਸਿਆ ਸੀ ਕਿ ਉਨ੍ਹਾਂ ਦੇ ਗੁੰਮਣ ਤੋਂ ਬਾਅਦ ਉਨ੍ਹਾਂ ਦੇ ਰਿਸ਼ਤੇਦਾਰ ਉਨ੍ਹਾਂ ਦੇ ਥਾਂ-ਟਿਕਾਣਿਆਂ ਬਾਰੇ ਕੋਈ ਤਿੰਨ-ਚਾਰ ਸਾਲ ਪੁੱਛ-ਗਿੱਛ ਕਰਦੇ ਰਹੇ ਅਤੇ ਉਸ ਨੇ ਸਿਫਾਰਸ਼ ਕੀਤੀ ਕਿ ਉਨ੍ਹਾਂ ਨੂੰ ਦੱਸਿਆ ਜਾਵੇ ਕਿ ਉਨ੍ਹਾਂ ਦੇ ਵਿਅਕਤੀ ਕਿਥੇ ਹਨ ਜਾਂ ਉਨ੍ਹਾਂ ਨੂੰ ਮਿਰਤਕ ਕਰਾਰ ਦਿੱਤਾ ਜਾਵੇ। ਮਿਸਟਰ ਭੁੱਲਰ ਨੂੰ ਨਵੀਂ ਸਿਰਜਿਤ ਕੀਤੀ ਗਈ ਆਈ ਜੀ ਟ੍ਰੇਨਿੰਗ ਦੀ ਆਸਾਮੀ ਤੇ ਬਦਲ ਦਿੱਤਾ ਗਿਆ ਅਤੇ ਆਈ ਜੀ ਬਾਰਡਰ ਦੀ ਆਸਾਮੀ ਮੁਅੱਤਲ ਕਰ ਦਿੱਤੀ ਗਈ।'

ਆਖਰ, 1991 ਵਿਚ ਜਦੋਂ ਚੋਣਾਂ ਹੋਈਆਂ, ਇਹ ਦੇਖਿਆ ਗਿਆ ਕਿ ਡੀ ਜੀ ਪੀ ਇਕ ਬੜਾ ਹੁਸ਼ਿਆਰ ਦੂਰ-ਅੰਦੇਸ਼ੀ ਰਿਹਾ ਸੀ। ਕੇਂਦਰ ਵਿਚ ਚੰਦਰ ਸ਼ੇਖਰ ਦੀ ਸਰਕਾਰ ਟੁੱਟ ਗਈ ਅਤੇ ਨਵੀਂ ਸੰਸਦ ਦੀ ਚੋਣ ਕਰਾਉਣੀ ਪਈ। ਸਾਰੇ ਦੇਸ਼ ਵਿਚ ਵੋਟਾਂ ਪੈਣੀਆਂ ਸਨ। ਪੰਜਾਬ ਵਿਚ ਸ਼ਾਂਤੀ ਪੂਰਵਕ ਚੋਣਾਂ ਕਰਾਉਣ ਨੂੰ ਯਕੀਨੀ ਬਣਾਉਣ ਲਈ ਭਾਰੀ ਤਾਦਾਦ ਵਿਚ ਸੁਰੱਖਿਆ

ਬਲਾਂ ਨੂੰ ਲਗਾਉਣ ਦੀ ਜ਼ਰੂਰਤ ਮਹਿਸੂਸ ਕਰਦਿਆਂ ਮੁੱਖ ਚੋਣ ਕਮਿਸ਼ਨ ਨੇ ਹਦਾਇਤ ਦਿੱਤੀ ਕਿ ਪੰਜਾਬ ਤੋਂ ਦੋਹਾਂ ਲੋਕ ਸਭਾ ਅਤੇ ਰਾਜ ਅਸੈਂਬਲੀ, ਦੇ ਮੈਂਬਰਾਂ ਦੀ ਚੋਣ ਬਾਕੀ ਸਾਰੇ ਦੇਸ਼ ਵਿਚ ਵੋਟਾਂ ਪੈਣ ਤੋਂ ਦੋ ਹਫਤਿਆਂ ਤੋਂ ਬਾਅਦ ਕਰਵਾਈ ਜਾਵੇਗੀ।

ਕਾਨੂੰਨ ਮੁਤਾਬਕ ਕਿਸੇ ਉਸ ਸੀਟ ਦੀ ਚੋਣ ਰੱਦ ਕਰ ਦਿੱਤੀ ਜਾਂਦੀ ਹੈ ਜਿਥੇ ਵੋਟਾਂ ਪੈਣ ਤੋਂ ਪਹਿਲਾਂ ਹੀ ਕਿਸੇ ਹਿੰਸਾ ਦੀ ਕਾਰਵਾਈ ਵਿਚ ਉਥੋਂ ਚੋਣ ਲੜ ਰਹੇ ਕਿਸੇ ਵੀ ਵਿਅਕਤੀ ਦੀ ਮੌਤ ਹੋ ਜਾਵੇ। ਰਾਜ ਵਿਚ ਹੋਏ ਕਤਲਾਂ ਦੀ ਵਜ੍ਹਾ ਕਾਰਨ 28 ਸੀਟਾਂ ਦੀ ਚੋਣ ਰੱਦ ਕਰ ਦਿੱਤੀ ਗਈ। ਬਲਕਿ ਵੋਟਾਂ ਪੈਣ ਤੋਂ ਕੁਝ ਘੰਟੇ ਪਹਿਲਾਂ ਸਾਰੇ ਰਾਜ ਦੀ ਚੋਣ ਰੱਦ ਕਰ ਦਿੱਤੀ ਗਈ। ਕਾਂਗਰਸ ਪਾਰਟੀ (ਜਿਸਨੇ ਪੰਜਾਬ ਵਿਚ ਵੋਟਾਂ ਦਾ ਬਾਈਕਾਟ ਕੀਤਾ ਸੀ) ਰਾਜ ਦੀਆਂ ਵੋਟਾਂ ਰੱਦ ਕੀਤੇ ਜਾਣ ਤੋਂ ਪਹਿਲਾਂ ਹੀ ਕੇਂਦਰ ਵਿਚ ਸੱਤਾ ਵਿਚ ਆ ਗਈ। ਮਾਰੇ ਗਏ 28 ਉਮੀਦਵਾਰਾਂ ਵਿਚੋਂ ਦੋ ਹਿੰਦੂ ਸਨ (ਇਕ ਅਕਾਲੀ ਦਲ (ਲੌਂਗੋਵਾਲ) ਦੀ ਟਿਕਟ ਅਤੇ ਇਕ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੀ ਟਿਕਟ ਤੇ ਖੜ੍ਹਾ ਸੀ) ਅਤੇ ਬਾਕੀ ਦੇ 26 ਸਿੱਖ ਸਨ।

ਜਨਵਰੀ, 1992 ਵਿਚ, ਮੁੱਖ ਚੋਣ ਕਮਿਸ਼ਨਰ ਨੇ ਐਲਾਨ ਕੀਤਾ ਕਿ ਪੰਜਾਬ ਵਿਚ ਰਾਜ ਅਸੈਂਬਲੀ ਅਤੇ ਲੋਕ ਸਭਾ, ਦੋਹਾਂ ਦੀ ਚੋਣ ਹੋਵੇਗੀ ਅਤੇ ਫਰਵਰੀ ਦੀ ਤਰੀਕ ਰੱਖ ਦਿੱਤੀ। ਫਿਰ ਇਹ ਰੌਲਾ ਪੈ ਗਿਆ ਕਿ ਖਾੜਕੂ ਚੋਣਾਂ ਕਰਾਉਣ ਦਾ ਵਿਰੋਧ ਕਰਨਗੇ। ਇਸ ਬਾਰੇ ਪੁਲਿਸ ਵਾਲੇ ਥਾਂ ਥਾਂ ਤੇ ਅਜਿਹੇ ਇਸ਼ਤਿਹਾਰ ਲਗਾਉਂਦੇ ਵੀ ਦੇਖੇ ਗਏ।

ਅਕਾਲੀ, ਇਸ ਡਰੋਂ ਕਿ ਉਨ੍ਹਾਂ ਦੇ ਉਮੀਦਵਾਰਾਂ ਨੂੰ ਫਿਰ ਕਤਲ ਕਰ ਦਿੱਤਾ ਜਾਵੇਗਾ, ਖਦਸ਼ੇ ਵਿਚ ਪੈ ਗਏ। ਅੱਤਵਾਦੀ ਗੁੱਟਾਂ ਦੇ ਮੁੱਖ ਨੇਤਾਵਾਂ ਵੱਲੋਂ ਦੋ ਕਿਸਮ ਦੇ ਸੁਨੇਹੇ ਆ ਰਹੇ ਸਨ: ਪ੍ਰਭਾਵੀ ਪੰਥਕ ਕਮੇਟੀ ਦੇ ਗੁੱਟ ਦਾ ਪ੍ਰਧਾਨ ਸੋਹਨ ਸਿੰਘ ਜੋਖਮ ਦੇ ਬਾਵਜੂਦ ਵੀ ਚੋਣ ਵਿਚ ਹਿੱਸਾ ਲੈਣ ਦੇ ਹੱਕ ਵਿਚ ਸੀ, ਜਦ ਕਿ ਇਕ ਹੋਰ ਖਾੜਕੂ ਗੁੱਟ ਦੇ ਨੇਤਾ ਦਲਜੀਤ ਸਿੰਘ ਨੇ ਇਸ ਆਧਾਰ ਤੇ ਕਿ ਸਿੱਖ ਭਾਰਤੀ ਸੰਵਿਧਾਨ ਨੂੰ ਨਹੀਂ ਸਵੀਕਾਰ ਕਰਦੇ, ਚੋਣ ਦਾ ਬਾਈਕਾਟ ਕਰਨ ਲਈ ਸਿੱਖਾਂ ਤੇ ਜ਼ੋਰ ਦਿੱਤਾ। ਬੜੀ ਅਜੀਬ ਗੱਲ ਹੋਈ ਕਿ ਜੀ.ਐਸ. ਟੌਹੜਾ ਨੇ ਇਨ੍ਹਾਂ ਚੋਣਾਂ ਦੇ ਬਾਈਕਾਟ ਲਈ ਮੁਹਿੰਮ ਦੀ ਅਗਵਾਈ ਕੀਤੀ ਅਤੇ ਹੋਰ ਨੇਤਾਵਾਂ ਜਿਵੇਂ ਪ੍ਰਕਾਸ਼ ਸਿੰਘ ਬਾਦਲ ਅਤੇ ਸਿਮਰਨਜੀਤ ਸਿੰਘ ਮਾਨ ਨੂੰ ਵੀ ਚੋਣਾਂ ਦਾ ਬਾਈਕਾਟ ਕਰਨ ਲਈ ਪ੍ਰੇਰ ਲਿਆ।

ਉਸ ਸਮੇਂ ਕੇਂਦਰ ਵਿਰੁੱਧ ਸਿੱਖ ਸਮੁਦਾਇ ਦੇ ਰੋਸ ਤੇ ਵਿਚਾਰ ਕਰਦਿਆਂ, ਬਾਈਕਾਟ ਦੇ ਸੱਦੇ ਨੂੰ ਕੋਈ ਅਢੁੱਕਵਾਂ ਜਾਂ ਅਜੀਬ ਨਹੀਂ ਸਮਝਿਆ ਗਿਆ। ਸਾਰੀ ਸਿੱਖ ਕੌਮ ਨੇ ਚੋਣ ਦੇ ਬਾਈਕਾਟ ਲਈ ਅਕਾਲੀਆਂ ਦਾ ਸਾਥ ਦਿੱਤਾ ਅਤੇ ਸਰਕਾਰ ਅਨੁਸਾਰ, ਵੋਟਾਂ ਦੀ ਪ੍ਰਤਿਸ਼ਤਤਾ 21.6 ਤਕ ਹੇਠਾਂ ਆ ਗਈ ਅਤੇ ਕਾਂਗਰਸ 8 ਪ੍ਰਤਿਸ਼ਤ ਤੋਂ ਘੱਟ ਵੋਟਾਂ ਲੈ ਕੇ ਸੱਤਾ ਵਿਚ

ਆ ਗਈ ਜਦ ਕਿ ਚੋਣ ਹਲਕਿਆਂ ਵਿਚ ਵੋਟਰਾਂ ਦੀ ਔਸਤ ਗਿਣਤੀ ਲਗਭਗ ਇਕ ਲੱਖ ਸੀ, ਕਈ ਉਮੀਦਵਾਰ ਤਾਂ 400 ਤੋਂ ਵੀ ਘੱਟ ਵੋਟਾਂ ਨਾਲ ਚੁਣੇ ਗਏ ਸਨ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਸਾਰੀ ਦੀ ਸਾਰੀ ਪੁਲਿਸ ਕਾਂਗਰਸੀ ਵੋਟਰਾਂ ਨੂੰ ਬੂਥਾਂ ਤੇ ਢੋਣ ਨੂੰ ਲੱਗੀ ਹੋਈ ਸੀ। ਅਕਾਲੀ ਦਲ ਚੋਣ ਮੈਦਾਨ ਵਿਚ ਨਾ ਆਉਣ ਕਰਕੇ ਬਾਕੀ ਦੀਆਂ ਵਿਰੋਧੀ ਪਾਰਟੀਆਂ ਜਿਵੇਂ ਬਹੁਜਨ ਸਮਾਜ ਪਾਰਟੀ, ਦੋ ਕਮਿਊਨਿਸਟ ਪਾਰਟੀਆਂ ਅਤੇ ਭਾਰਤੀ ਜਨਤਾ ਪਾਰਟੀ ਨੇ ਬਥੇਰਾ ਰੌਲਾ-ਰੱਪਾ ਪਾਇਆ ਪਰੰਤੂ ਇਸ ਦਾ ਕੋਈ ਅਸਰ ਨਾ ਹੋਇਆ ਕਿਉਂਕਿ ਮੁੱਖ ਚੋਣ ਕਮਿਸ਼ਨਰ ਅਤੇ ਸਰਕਾਰ ਨੇ ਕੋਈ ਇਤਰਾਜ਼ ਸੁਣਨ ਤੋਂ ਨਾਂਹ ਕਰ ਦਿੱਤੀ। ਕਾਂਗਰਸ ਨੇ 8 ਪ੍ਰਤਿਸ਼ਤ ਤੋਂ ਵੀ ਘੱਟ ਵੋਟਾਂ ਲੈ ਕੇ ਐਮ.ਐਲ.ਏਜ਼. ਦਾ ਭਾਰੀ ਬਹੁਮਤ ਲੈ ਕੇ ਸਰਕਾਰ ਬਣਾ ਲਈ।

ਚੋਣ ਦੇ ਬਾਈਕਾਟ ਨੂੰ ਪੰਜਾਬ ਵਿਚ ਸਿੱਖਾਂ ਦਾ ਪੂਰਾ ਸਮਰਥਨ ਮਿਲਿਆ ਅਤੇ ਪਾਲਣਾ ਦੇ ਰੂਪ ਵਿਚ ਇਸ ਨੂੰ ਬਹੁਤ ਵੱਡੀ ਸਫਲਤਾ ਮਿਲੀ। ਇਹ ਇਸ ਕਰਕੇ ਵੀ ਅਜੀਬ ਲਗਿਆ ਕਿ ਚੋਣਾਂ ਦਾ ਬਾਈਕਾਟ ਕਰਨ ਵਿਚ ਚੰਗੀ ਤਰ੍ਹਾਂ ਸਫਲ ਹੋਣ ਤੋਂ ਬਾਅਦ ਅਕਾਲੀਆਂ ਨੇ ਕੋਈ ਹੋਰ ਕਾਰਵਾਈ ਨਹੀਂ ਕੀਤੀ। ਬਾਈਕਾਟ ਕਰਨ ਵਾਲੇ ਮੁੱਖ ਵਿਅਕਤੀ ਜੀ.ਐਸ. ਟੌਹੜਾ ਦੀ ਭੂਮਿਕਾ ਤੇ ਸ਼ੱਕ ਕੀਤਾ ਗਿਆ।

1992 ਦੇ ਆਰੰਭ ਤੋਂ ਲੈ ਕੇ ਮਨੁੱਖੀ ਅਧਿਕਾਰ ਸੰਗਠਨ ਮੁੱਖ ਚੋਣ ਕਮਿਸ਼ਨਰ ਅਤੇ ਬਾਅਦ ਵਿਚ ਮਨੁੱਖੀ ਅਧਿਕਾਰ ਕਮਿਸ਼ਨ (1994 ਵਿਚ) ਨੂੰ ਜੂਨ, 1991 ਅਤੇ ਫਰਵਰੀ, 1992 ਵਿਚਕਾਰ ਜੂਨ, 1991 ਵਿਚ ਰੱਦ ਕੀਤੀ ਗਈ ਚੋਣ ਦੌਰਾਨ ਮਾਰੇ ਗਏ, ਗੁੰਮ ਕੀਤੇ ਗਏ ਅਤੇ ਹਿਰਾਸਤ ਵਿਚ ਰੱਖੇ ਗਏ ਨਜਾਇਜ਼ ਤੰਗ ਕੀਤੇ ਗਏ ਉਮੀਦਵਾਰਾਂ ਦੀ ਗਿਣਤੀ ਅਤੇ ਪਹਿਚਾਣ ਕਰਨ ਦਾ ਪਤਾ ਲਗਾਉਣ ਲਈ ਬੇਨਤੀ ਕਰਦੀਆਂ ਰਹੀਆਂ। ਪਰੰਤੂ ਕੋਈ ਪੜਤਾਲ ਨਹੀਂ ਕੀਤੀ ਗਈ ਹੈ।

ਪੰਜਾਬ ਮਨੁੱਖੀ ਅਧਿਕਾਰ ਸੰਗਠਨਾਂ ਨੇ 1991 ਤੋਂ 1992 ਤਕ ਮਾਰੇ ਗਏ ਉਮੀਦਵਾਰਾਂ ਦੀ ਗਿਣਤੀ ਦਾ ਅਨੁਮਾਨ ਲਗਭਗ 20 ਲਗਾਇਆ ਹੈ। ਜਿਸ ਦਾ ਮਤਲਬ ਹੈ ਕਿ ਲਗਭਗ 50 ਵਿਅਕਤੀ 1991 ਦੀ ਚੋਣ ਦੇ ਰੱਦ ਹੋ ਜਾਣ ਤੋਂ ਬਾਅਦ ਅਤੇ 1992 ਦੀ ਚੋਣ ਪਹਿਲਾਂ ਮਾਰੇ ਗਏ। ਜ਼ਿਲ੍ਹਾ ਸੰਗਰੂਰ ਦੇ ਇਕ ਛੋਟੇ ਜਿਹੇ ਇਲਾਕੇ ਵਿਚ ਚਾਰ ਉਮੀਦਵਾਰ ਮਾਰੇ ਗਏ ਸਨ - ਦੋ ਲਹਿਰਾ ਸੀਟ, ਇਕ ਦਿੜਬਾ ਅਤੇ ਇਕ ਸੁਨਾਮ ਸੀਟ ਲਈ ਖੜ੍ਹਾ ਸੀ। ਸਾਰੇ ਰਾਜ ਵਿਚ ਉਮੀਦਵਾਰਾਂ ਦੇ ਕਤਲਾਂ ਦੀਆਂ ਵਾਰਦਾਤਾਂ ਹੋਈਆਂ ਸਨ।

ਰੱਦ ਕੀਤੀ ਗਈ ਚੋਣ ਦੌਰਾਨ ਮਾਰੇ ਗਏ ਉਮੀਦਵਾਰਾਂ ਦੀ ਸੂਚੀ "ਅੰਤਿਕਾ" ਵਿਚ ਦਿੱਤੀ ਗਈ ਹੈ।[8]

ਇਨ੍ਹਾਂ ਉਮੀਦਵਾਰਾਂ ਵਿਚੋਂ ਕਈਆਂ ਦੇ ਮੁਕੱਦਰ ਤੇ ਭੇਦ ਦਾ ਪੜਦਾ

ਪਾਇਆ ਗਿਆ ਅਤੇ ਅਵਤਾਰ ਸਿੰਘ ਦੀ ਮੌਤ, ਜਿਹੜਾ ਜੂਨ, 1991 ਵਿਚ ਲਹਿਰਾ ਤੋਂ ਚੋਣ ਲੜ ਰਿਹਾ ਸੀ, ਤੇ ਵੀ ਭੇਦ ਦਾ ਪੜਦਾ ਪਾਇਆ ਜਾਣਾ ਸੀ ਲੇਕਿਨ ਉਸ ਦੇ ਗਵਾਂਢੀਆਂ ਦੀ ਦਖਲ-ਅੰਦਾਜ਼ੀ ਕਾਰਨ ਜੋ ਉਸ ਨਾਲ ਵਾਪਰਿਆ ਉਹ ਮਸ਼ਹੂਰ ਹੈ।

ਜੂਨ 27 ਦੀ ਸ਼ਾਮ ਨੂੰ, ਉਸ ਦੇ ਬਹੁਤ ਸਾਰੇ ਗਵਾਂਢੀਆਂ ਨੇ ਦੇਖਿਆ, ਪੁਲਿਸ ਨੇ ਅਵਤਾਰ ਸਿੰਘ ਨੂੰ ਉਸ ਦੇ ਜੱਦੀ ਪਿੰਡ ਸ਼ੁਤਰਾਨਾ ਤੋਂ ਚੁੱਕ ਲਿਆ। ਜੁਲਾਈ 12 ਨੂੰ ਅਖਬਾਰਾਂ ਵਿਚ ਇਕ ਖਬਰ ਛਪੀ ਕਿ ਅਵਤਾਰ ਸਿੰਘ ਨੂੰ ਪੁਲਿਸ ਦੇ ਟਰੱਕ 'ਚੋਂ ਲਾਹ ਕੇ ਨਹਿਰ ਵਿਚ ਸੁੱਟ ਕੇ ਡੁਬੋ ਦਿੱਤਾ। ਜੁਲਾਈ 16 ਨੂੰ ਪੁਲਿਸ ਨੇ ਇਹ ਕਹਿੰਦਿਆਂ ਆਪਣੇ ਇਸ ਪੱਖ ਨੂੰ "ਸੋਧ" ਦਿੱਤਾ ਕਿ ਅਵਤਾਰ ਸਿੰਘ - ਅਤੇ ਸਿਰਫ ਅਵਤਾਰ ਸਿੰਘ ਪੁਲਿਸ ਅਤੇ ਖਾੜਕੂਆਂ ਵਿਚਕਾਰ ਗੋਲੀ ਚੱਲਣ ਕਰਕੇ ਮਾਰਿਆ ਗਿਆ ਸੀ।

ਜਦੋਂ ਲੱਕੜ ਸਮੇਤ ਉਸ ਦੀ ਲਾਸ਼ ਨੂੰ ਜਲਦੀ ਸਸਕਾਰ ਕਰਨ ਲਈ ਉਸ ਦੇ ਪਿੰਡ ਸ਼ੁਤਰਾਨਾ ਲਿਜਾਇਆ ਗਿਆ, ਤਾਂ ਪਿੰਡ ਵਾਲਿਆਂ ਨੇ ਇਸ ਨੂੰ ਪੁਲਿਸ ਪਾਸੋਂ ਖੋਹ ਲਿਆ। ਉਨ੍ਹਾਂ ਨੇ ਲਾਸ਼ ਦੀਆਂ ਫੋਟੋ ਲਈਆਂ ਅਤੇ ਇਹ ਫੋਟੋ ਅਖਬਾਰਾਂ ਅਤੇ ਰਸਾਲਿਆਂ ਵਿਚ ਛਪਵਾਈਆਂ ਗਈਆਂ। ਫੋਟੋਆਂ ਤੋਂ ਪਤਾ ਲਗਦਾ ਸੀ ਕਿ ਉਸਦੇ ਹੱਥ-ਪੈਰ ਤੋੜੇ ਹੋਏ ਸਨ, ਹੱਥਾਂ ਦੀਆਂ ਮੁਠੀਆਂ, ਪੈਰਾਂ ਦੀਆਂ ਤਲੀਆਂ ਜਲੀਆਂ ਹੋਈਆਂ ਸਨ, ਇਕ ਬਾਂਹ ਸਾਰੀ ਜਲੀ ਹੋਈ ਸੀ ਅਤੇ ਸਾਰੇ ਸਰੀਰ ਤੇ ਕਈ ਥਾਈਂ ਬਿਲਕੁਲ ਇਕ ਬਿਜਲੀ ਦੀ ਪ੍ਰੈਸ ਵਾਂਗੂੰ ਚਮੜੀ ਜਲੀ ਹੋਈ ਸੀ।

*ਰਾਜਨੀਤਕ / ਧਾਰਮਿਕ ਕਤਲ*

ਸਿੱਖ ਧਰਮ ਅਤੇ ਰਾਜਨੀਤੀ ਨੂੰ ਵੱਖ ਨਹੀਂ ਮੰਨਦੇ: ਧਾਰਮਿਕ ਸਿਧਾਂਤਾਂ ਤੋਂ ਰਾਜਨੀਤੀ ਸ਼ਕਤੀ ਦੇ ਧਾਰਨੀ ਦੀ ਅਗਵਾਈ ਕਰਨ ਦੀ ਉਮੀਦ ਕੀਤੀ ਜਾਂਦੀ ਹੈ, ਰਾਜਨੀਤਕ ਸ਼ਕਤੀ ਦੇ ਧਾਰਨੀ ਤੋਂ ਧਾਰਮਿਕ ਸਿਧਾਂਤਾਂ ਦੀ ਸੁਰੱਖਿਆ ਅਤੇ ਉਨ੍ਹਾਂ ਨੂੰ ਯਥਾ-ਪੂਰਵਕ ਰੱਖਣ ਦੀ ਉਮੀਦ ਕੀਤੀ ਜਾਂਦੀ ਹੈ, ਇਸੇ ਵਜ੍ਹਾ ਕਰਕੇ ਵਿਸ਼ੇਸ਼ ਕਤਲਾਂ ਨੂੰ "ਰਾਜਨੀਤਕ" ਜਾਂ "ਧਾਰਮਿਕ" ਵਜੋਂ ਵਰਣਨ ਕਰਨਾ ਅਕਸਰ ਮੁਸ਼ਕਲ ਹੈ।

ਜਿਹੜੇ ਮਾਰੇ ਗਏ ਉਨ੍ਹਾਂ ਵਿਚੋਂ ਬਹੁਤੇ ਲੋਕ ਉਹ ਸਨ ਜਿਹੜੇ ਮੁੱਖ ਤੌਰ ਤੇ ਧਾਰਮਿਕ ਭਾਸ਼ਾ ਬੋਲਦੇ ਸਨ। ਉਹ ਜੋ ਕੁਝ ਵੀ ਬੋਲਦੇ ਉਹ ਕੇਂਦਰ ਸਰਕਾਰ ਦੇ ਮਨ ਵਿਚ ਜੋ ਪੰਜਾਬ ਲਈ ਹੁੰਦਾ, ਉਸ ਦੇ ਉਲਟ ਹੁੰਦਾ। ਕਿਉਂਕਿ ਸਿੱਖਾਂ ਵਿਚ ਆਪਣੇ ਭਾਈ-ਚਾਰੇ ਲਈ ਸਹੀ ਦਿਸ਼ਾ ਸਬੰਧੀ ਆਪਸ ਵਿਚ ਤਰ੍ਹਾਂ ਤਰ੍ਹਾਂ ਦੇ ਮਤਭੇਦ ਸਨ, ਇਸ ਕਰਕੇ ਇਹ ਕਹਿਣਾ ਅਕਸਰ ਮੁਸ਼ਕਲ ਸੀ ਕਿ ਕਿਸੇ ਵਿਸ਼ੇਸ਼ ਨੇਤਾ ਦੀ ਮੌਤ ਲਈ ਕੌਣ ਜ਼ਿੰਮੇਵਾਰ ਹੈ। "ਫਲਾਣਾ ਮਾਰਿਆ ਗਿਆ ਕਿਉਂਕਿ ਉਹ ਉਦਾਰ ਵਿਚਾਰਾਂ ਵਾਲਾ ਸੀ ... "

"ਫਲਾਣਾ ਮਾਰਿਆ ਗਿਆ ਕਿਉਂਕਿ ਉਸ ਨੇ ਫਲਾਣੇ ਦੀ ਨੁਕਤਾਚੀਨੀ ਕੀਤੀ ਸੀ।" ਫਲਾਣਾ ਕਿਉਂ ਮਾਰਿਆ ਗਿਆ, ਇਸ ਬਾਰੇ ਸਪੱਸ਼ਟੀਕਰਨ ਤਾਂ ਹਮੇਸ਼ਾਂ ਦਿੱਤੇ ਜਾਂਦੇ ਸਨ ਪਰੰਤੂ ਇਨ੍ਹਾਂ ਦੀ ਪੜਤਾਲ ਮੁਸ਼ਕਲ ਨਾਲ ਹੀ ਹੁੰਦੀ ਸੀ। ਗੈਰ-ਕਾਨੂੰਨੀ ਵਾਤਾਵਰਨ ਨੇ ਕਿਸੇ ਦੀ ਹੱਤਿਆ ਕਰਨਾ ਸੌਖਾਲਾ ਬਣਾ ਦਿੱਤਾ ਸੀ ਕਿ ਬਾਅਦ ਵਿਚ ਕੁਝ ਇਕ ਪ੍ਰਸ਼ਨਾਂ ਦਾ ਜਵਾਬ ਹੀ ਦੇਣਾ ਪੈਂਦਾ ਸੀ ਹੋਰ ਕੋਈ ਡਰ ਨਹੀਂ ਸੀ। ਇਹ ਸਪੱਸ਼ਟ ਹੈ ਕਿ ਉਨ੍ਹਾਂ ਮਾਰੇ ਗਿਆਂ ਵਿਚੋਂ ਬਹੁਤੇ ਉਹ ਸਨ ਜਿਨ੍ਹਾਂ ਦੇ ਵਿਚਾਰ ਕੇਂਦਰ ਸਰਕਾਰ ਨਾਲ ਮਿਲਦੇ ਨਹੀਂ ਸਨ।

ਪਿਛਲੇ ਦਹਾਕੇ ਦੌਰਾਨ ਇਹੋ ਜਿਹੀਆਂ ਬਹੁਤ ਹੱਤਿਆਵਾਂ ਹੋਈਆਂ: ਇਨ੍ਹਾਂ ਦੇ ਸ਼ਿਕਾਰ ਹੋਏ ਨਹੁਤੇ ਉੱਘੇ ਵਿਅਕਤੀ ਹਨ - ਤਰਲੋਚਨ ਸਿੰਘ ਰਿਆਸਤੀ (ਇਕ ਕਾਂਗਰਸੀ ਨੇਤਾ), ਜਗਦੇਵ ਸਿੰਘ ਖੁੱਡੀਆਂ, ਐਮ ਪੀ (ਡੋਬ ਦੇਣ ਨਾਲ ਮੌਤਾਂ ਤੇ ਭਾਗ ਵਿਚ ਵਿਸਥਾਰ-ਪੂਰਵਕ ਹਵਾਲਾ ਦਿੱਤਾ ਗਿਆ), ਰਜਿੰਦਰ ਕੌਰ, ਸਾਬਕਾ-ਐਮ.ਪੀ. (ਇਕ ਕੱਟੜਪੰਥੀ ਅਤੇ ਇਸਤਰੀ ਅਕਾਲੀ ਦਲ ਦੀ ਪ੍ਰਧਾਨ), ਬਿਮਲ ਕੌਰ ਖਾਲਸਾ, ਐਮ.ਪੀ. (ਸਾਈਨਾਈਡ ਨਾਲ ਮੌਤਾਂ ਦੇ ਭਾਗ ਅਧੀਨ ਵਿਸਥਾਰ-ਪੂਰਵਕ ਹਵਾਲਾ ਦਿੱਤਾ ਗਿਆ), ਬਲਵੰਤ ਸਿੰਘ (ਦੋ ਅਕਾਲੀ ਸਰਕਾਰਾਂ ਦੇ ਸਾਬਕਾ-ਮੰਤਰੀ), ਭਾਨ ਸਿੰਘ ਭੌਰਾ (ਐਸ.ਜੀ.ਪੀ.ਸੀ. ਦੇ ਸਕੱਤਰ), ਅਵੀਨਾਸ਼ੀ ਸਿੰਘ (ਐਸ.ਜੀ.ਪੀ.ਸੀ. ਦੇ ਪ੍ਰਧਾਨ ਦੇ ਨਿਜੀ ਸਹਾਇਕ) ਅਤੇ ਡਾਕਟਰ ਬਰਾੜ, ਭਾਈ ਸ਼ਮਿੰਦਰ ਸਿੰਘ, ਐਮ.ਪੀ। (ਕੇਵਲ ਭਾਈ ਸ਼ਮਿੰਦਰ ਸਿੰਘ ਦੀ ਮੌਤ ਦਾ ਇਲਜ਼ਾਮ ਹੀ ਖਾੜਕੂਆਂ ਉਤੇ ਨਿਸ਼ਚਿਤ ਤੌਰ ਤੇ ਲਗਾਇਆ ਜਾ ਸਕਦਾ ਹੈ ਜਾਂ ਇਸ ਹੱਤਿਆ ਵਿਚ ਨਿੱਜੀ ਦੁਸ਼ਮਣੀ ਨੇ ਸ਼ਾਇਦ ਕੋਈ ਭੂਮਿਕਾ ਨਿਭਾਈ ਹੋਵੇ)। ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਜਗਦੇਵ ਸਿੰਘ ਕਾਉਂਕੇ ਦੀਆਂ ਮੌਤਾਂ ਦੇ ਹਾਲਾਤ ਸੰਖੇਪ ਤੌਰ ਤੇ ਇਹ ਦੱਸਦੇ ਹਨ ਕਿ ਕਿਉਂਕਿ ਉਨ੍ਹਾਂ ਨੇ ਕਿਹਾ ਕਿ ਕਿਸ ਕਿਸਮ ਦੇ ਲੋਕਾਂ ਨੂੰ ਮਾਰਿਆ ਗਿਆ ਹੈ ਅਤੇ ਸਪੱਸ਼ਟ ਤੌਰ ਤੇ ਦੇਖਿਆ ਜਾ ਸਕਦਾ ਹੈ ਕਿ ਉਨ੍ਹਾਂ ਦੀਆਂ ਮੌਤਾਂ ਤੋਂ ਲਾਭ ਕਿਸ ਨੂੰ ਹੋਇਆ।

*ਸੰਤ ਹਰਚੰਦ ਸਿੰਘ ਲੌਂਗੋਵਾਲ :*

ਅਕਾਲੀ ਦਲ ਦੇ ਪ੍ਰਧਾਨ ਸੰਤ ਲੌਂਗੋਵਾਲ ਨਰਮ ਖਿਆਲੀ ਸਨ ਅਤੇ ਉਹ ਇਕ ਸ਼ਰਧਾਵਾਨ ਅਤੇ ਮਿਠ-ਬੋਲੜੇ ਵਿਅਕਤੀ ਵਜੋਂ ਮਸ਼ਹੂਰ ਸਨ। ਓਪਰੇਸ਼ਨ ਬਲਿਊਸਟਾਰ ਤੋਂ ਬਾਅਦ, ਕੇਂਦਰ ਸਰਕਾਰ ਸਿੱਖਾਂ ਦੇ ਮਨਾਂ ਵਿਚ ਬਹੁਤ ਜ਼ਿਆਦਾ ਪੈਦਾ ਹੋਏ ਰੋਹ ਨੂੰ ਦੂਰ ਕਰਨਾ ਚਾਹੁੰਦੀ ਸੀ ਅਤੇ ਇਸ ਮੰਤਵ ਲਈ ਸੰਤ ਲੌਂਗੋਵਾਲ, ਬਲਵੰਤ ਸਿੰਘ ਅਤੇ ਸੁਰਜੀਤ ਸਿੰਘ ਬਰਨਾਲਾ ਨੂੰ ਗੁਪਤ ਗਲਬਾਤ ਲਈ ਨਵੀਂ ਦਿੱਲੀ ਬੁਲਾਇਆ ਗਿਆ। ਇਸ ਦਾ ਸਿੱਟਾ ਇਹ ਨਿਕਲਿਆ ਕਿ ਪੰਜਾਬ ਦੀਆਂ ਇਸ ਤੋਂ ਪਹਿਲਾਂ "ਨਾ ਸਵੀਕਾਰਯੋਗ"

ਕੁਝ ਮੰਗਾਂ ਤੇ ਇਕ ਆਰਜ਼ੀ ਸਮਝੌਤਾ ਹੋਇਆ। ਇਸ ਨੂੰ ਸੰਤ-ਰਾਜੀਵ ਫਾਰਮੂਲਾ ਕਿਹਾ ਗਿਆ। ਕੁਝ ਸਿੱਖਾਂ ਨੇ ਇਸ ਸਮਝੌਤੇ ਦੀ ਨੁਕਤਾਚੀਨੀ ਕੀਤੀ ਪਰੰਤੂ ਕੇਂਦਰ ਸਰਕਾਰ ਦੇ ਸਿੱਖਾਂ ਪ੍ਰਤਿ ਨਿਰਦਇਤਾ ਵਾਲੇ ਵਤੀਰੇ ਤੇ ਵਿਚਾਰ ਕਰਦਿਆਂ, ਇਸ ਸਮਝੌਤੇ ਨਾਲ ਸਿੱਖਾਂ ਨੂੰ ਸੁੱਖ ਦਾ ਸਾਹ ਆਇਆ ਅਤੇ ਇਸਦੇ ਆਧਾਰ ਤੇ ਸਰਕਾਰ ਨਾਲ ਵਿਵਹਾਰਕ ਸਬੰਧ ਕਾਇਮ ਹੋਏ।

ਸ਼ੁਰੂ ਤੋਂ ਹੀ ਸੰਤ ਨੇ ਇਹ ਬਹੁਤ ਚੰਗੀ ਤਰ੍ਹਾਂ ਸਪੱਸ਼ਟ ਕੀਤਾ ਸੀ ਕਿ ਸਮਝੌਤੇ ਦੀਆਂ ਕਲਾਜ਼ਾਂ ਤੋਂ ਇਲਾਵਾ ਇਕ ਗੁਪਤ ਕਲਾਜ਼ ਸੀ ਜਿਸ ਬਾਰੇ ਉਹ ਬਾਅਦ ਵਿਚ ਦੱਸੇਗਾ ਅਤੇ ਜਿਹੜੀ ਸਿੱਖ ਭਾਈ-ਚਾਰੇ ਵਿਚ ਸ਼ੱਕੀ ਲੋਕਾਂ ਦੀ ਤਸੱਲੀ ਕਰਾਏਗੀ। ਉਸ ਕਲਾਜ਼ ਬਾਰੇ ਕੇਵਲ ਉਸਨੂੰ ਅਤੇ ਰਾਜੀਵ ਗਾਂਧੀ ਨੂੰ ਹੀ ਪਤਾ ਹੈ। ਰਾਜੀਵ ਗਾਂਧੀ ਨੇ ਵੀ ਵੱਖ-ਵੱਖ ਸਮਿਆਂ ਤੇ ਸੰਤ ਨਾਲ ਇਸ ਵਾਧੂ ਕਲਾਜ਼ ਬਾਰੇ ਗਲ ਕੀਤੀ ਸੀ।

ਇਸ ਸਮਝੌਤੇ ਦੀ ਨੁਕਤਾਚੀਨੀ ਦੋਹਾਂ ਕੱਟੜਪੰਥੀਆਂ ਜੀ.ਐਸ. ਟੌਹੜਾ ਅਤੇ ਪੀ.ਐਸ. ਬਾਦਲ ਅਤੇ ਹਰਿਆਣਾ ਦੇ ਮੁੱਖ ਮੰਤਰੀ ਭਜਨ ਲਾਲ ਨੇ ਕੀਤੀ। ਸੰਤ ਵਿਰੁੱਧ ਨੁਕਤਾਚੀਨੀ ਵੱਧ ਗਈ ਅਤੇ ਉਸ ਨੂੰ ਉਸ ਗੁਪਤ ਕਲਾਜ਼ ਬਾਰੇ ਦੱਸਣ ਲਈ ਮਜਬੂਰ ਕੀਤਾ ਜਾ ਰਿਹਾ ਸੀ, ਪਰੰਤੂ ਇਹ ਦੱਸਣ ਤੋਂ ਪਹਿਲਾਂ ਹੀ ਉਸ ਨੂੰ ਕਥਿਤ ਤੌਰ ਤੇ ਸਿੱਖ ਖਾੜਕੂਆਂ ਦੁਆਰਾ 20 ਅਗਸਤ, 1985 ਨੂੰ ਮਾਰ ਦਿੱਤਾ ਗਿਆ।

ਸੰਤ ਹਰਚੰਦ ਸਿੰਘ ਨੇ ਕਈ ਵਾਰੀ ਆਪਣੇ ਨੇੜਲੇ ਸਾਥੀਆਂ ਨਾਲ ਇਹ ਗੱਲ ਸਾਂਝੀ ਕੀਤੀ ਸੀ ਕਿ ਟੌਹੜੇ ਨੇ ਦੋਗਲੀ ਨੀਤੀ ਵਾਲੀ ਚਾਲ ਖੇਡ ਕੇ ਉਨਾਂ ਨੂੰ ਸ਼ਰਮਿੰਦਗੀ 'ਚ ਪਾਇਆ ਸੀ ਅਤੇ ਇਹ ਕਿ ਉਹ ਆਉਣ ਵਾਲੀਆਂ ਚੋਣਾਂ ਵਿਚ ਆਪਣੇ ਕਿਸੇ ਸਾਥੀ ਨੂੰ ਅਕਾਲੀ ਦਲ ਦੀ ਟਿਕਟ ਤੇ ਚੋਣ ਨਹੀਂ ਲੜਨ ਦੇਣਗੇ। ਸਿੱਖ ਅੱਤਵਾਦੀਆਂ ਨੇ ਵੀ ਪੰਜਾਬ ਸਮੱਸਿਆ ਦੇ ਹਲ ਲਈ ਰਾਜੀਵ ਗਾਂਧੀ - ਲੌਂਗੋਵਾਲ ਸਮਝੌਤੇ ਸਬੰਧੀ ਨਾਖੁਸ਼ੀ ਜ਼ਾਹਿਰ ਕੀਤੀ ਸੀ। ਇਸ ਲਈ, ਉਸ ਸਮੇਂ ਤਿੰਨ ਮੁੱਖ ਧਿਰਾਂ ਸਨ ਜੋ ਕਿ ਚਾਹੁੰਦੀਆਂ ਸਨ ਕਿ ਸੰਤ ਲੌਂਗੋਵਾਲ ਨੂੰ ਸੀਨ ਤੋਂ ਹਟਾ ਦਿੱਤਾ ਜਾਵੇ। ਕੌਣ ਜਾਂ ਕੌਣ ਅਤੇ ਕੌਣ ਸੰਤ ਨੂੰ ਮਾਰਣ ਲਈ ਇਕ ਜੁੱਟ ਹੋਏ, ਇਹ ਇਕ ਅਜਿਹਾ ਪ੍ਰਸ਼ਨ ਹੈ ਜਿਸਦਾ ਕਿ ਲੰਬੇ ਸਮੇਂ ਲਈ ਕੋਈ ਉੱਤਰ ਨਹੀਂ ਮਿਲੇਗਾ।

ਜੇਕਰ ਇਹ ਗੁਪਤ ਕਲਾਜ਼ ਸਾਹਮਣੇ ਆ ਜਾਂਦੀ ਤਾਂ ਇਸ ਗਲ ਦੀ ਸੰਭਾਵਨਾ ਸੀ ਕਿ ਰਾਜੀਵ ਗਾਂਧੀ ਹਿੰਦੂ ਬੈਲਟ ਅਤੇ ਹਰਿਆਣਾ ਵਿਚ ਹਿੰਦੂਆਂ 'ਚੋਂ ਕੁਝ ਸਮਰਥਨ ਗੁਆ ਬੈਠਦੇ। ਬਾਅਦ ਵਿਚ, ਇਲਾਕਾਈ ਝਗੜੇ ਵਿਚ ਹਰਿਆਣੇ ਦੇ ਹੱਕ ਵਿਚ 'ਸਮਝੌਤੇ' ਦੀਆਂ ਸ਼ਰਤਾਂ ਵੀ ਬਦਲ ਦਿੱਤੀਆਂ ਗਈਆਂ। ਇਹ ਅਨੁਮਾਨ ਲਗਾਉਣਾ ਆਸਾਨ ਹੈ ਕਿ ਸੰਤ ਦੀ ਮੌਤ ਕੇਂਦਰੀ ਸਰਕਾਰ ਲਈ ਲਾਹੇਵੰਦ ਸੀ ਅਤੇ ਉਸ ਦੀ ਮੌਤ ਦੀ ਲੰਮਾ ਚਿਰ ਚਲ ਰਹੀ ਜਾਂਚ ਇਸ ਸ਼ੰਕਾ ਨੂੰ ਹੋਰ ਵੀ ਪੱਕਿਆਂ ਕਰਦੀ ਹੈ। ਮਾਰਚ,

1995 ਨੂੰ, ਇਸ ਘਟਨਾ ਤੋਂ ਪੂਰਾ ਇਕ ਦਹਾਕਾ ਬਾਅਦ ਪੜਤਾਲ ਅਜੇ ਵੀ ਚਲ ਰਹੀ ਹੈ। ਜਦ ਕਿ ਜਾਂਚ-ਪੜਤਾਲ ਅਜੇ ਚਲ ਰਹੀ ਹੈ, ਸਰਕਾਰ ਇਸ ਬਾਰੇ ਕੁਝ ਨਹੀਂ ਕਹਿ ਰਹੀ; ਇਸ ਨੂੰ ਅਦਾਲਤ ਦੇ ਵਿਚਾਰ ਅਧੀਨ ਮਾਮਲਾ ਸਮਝ ਕੇ ਇਸ ਤੇ ਕੋਈ ਜਨਤਕ ਟਿੱਪਣੀ ਨਹੀਂ ਕੀਤੀ ਜਾ ਸਕਦੀ।

*ਗੁਰਦੇਵ ਸਿੰਘ ਕੌਂਕੇ (ਕਾਉਂਕੇ) :*

ਜੱਥੇਦਾਰ ਕੌਂਕੇ ਸਿੱਖ ਸਿਆਸਤਦਾਨਾਂ ਵਿਚ ਇਕ ਕੱਟੜਪੰਥੀ ਸੀ ਅਤੇ ਸਿੱਖਾਂ ਵਿਚ ਏਕਤਾ ਅਤੇ ਇਮਾਨਦਾਰੀ ਲਈ ਉਸ ਦੀ ਅੱਛੀ ਸ਼ੋਹਰਤ ਸੀ। ਅਕਾਲ ਤਖਤ ਦੇ ਜੱਥੇਦਾਰ ਵਜੋਂ ਦਰਸ਼ਨ ਸਿੰਘ ਦੇ ਅਸਤੀਫੇ ਤੋਂ ਬਾਅਦ ਉਸ ਨੂੰ ਅਗਲਾ ਜੱਥੇਦਾਰ ਥਾਪਣ ਦੀ ਪੱਕੀ ਸੰਭਾਵਨਾ ਸੀ।(ਅਕਾਲ ਤਖਤ, ਸਿੱਖ ਅਥਾਰਟੀ ਦਾ ਇਕ ਸਰਵ-ਉਚ ਸਥਾਨ ਹੈ।) ਆਪਣੇ ਭਾਈਚਾਰੇ ਵਿਚ ਉਸ ਦੀ ਨਿਯੁਕਤੀ ਦੀ ਮੰਗ ਨੂੰ ਜ਼ੋਰ ਫੜਦਿਆਂ ਵੇਖਦੇ ਹੋਇਆਂ ਸਰਕਾਰ ਨੂੰ ਬਹੁਤ ਜ਼ਿਆਦਾ ਭਰਮ ਹੋ ਗਿਆ ਕਿ ਇਕ ਕੱਟੜਪੰਥੀ ਵਿਚਾਰਾਂ ਵਾਲਾ ਜੱਥੇਦਾਰ ਸਿੱਖ ਕੌਮ ਵਿਚ ਖਾੜਕੂਆਂ ਦੇ ਦਾਅਵੇ ਦੀ ਉਚਿੱਤਤਾ ਨੂੰ ਬਲ ਦੇਵੇਗਾ। ਉਸ ਨੂੰ ਵਾਰ-ਵਾਰ ਗਿਰਫਤਾਰ ਕੀਤਾ ਗਿਆ।

ਅੰਤਰ-ਰਾਸ਼ਟਰੀ ਮਨੁੱਖੀ ਅਧਿਕਾਰ ਸੰਸਥਾ, ਚਸ਼ਮਦੀਦ ਗਵਾਹਾਂ ਦੇ ਆਧਾਰ ਤੇ ਇਸ ਦ੍ਰਿਸ਼ਟਾਂਤ ਦਾ ਵਰਣਨ ਕਰਨ ਦੇ ਯੋਗ ਹੈ ਕਿ ਉਸ ਨਾਲ ਕੀ ਕੁਝ ਵਾਪਰਿਆ। (17 ਜਨਵਰੀ, 1993 ਨੂੰ **ਦਿ ਇੰਡੀਅਨ ਐਕਸਪ੍ਰੈਸ** ਵਿਚ ਛਪਿਆ) 25 ਦਸੰਬਰ, 1992 ਦੀ ਸਵੇਰ ਨੂੰ, ਜਗਰਾਓਂ ਪੁਲਿਸ ਸਟੇਸ਼ਨ ਦੇ ਐਸ.ਐਚ.ਓ. ਗੁਰਮੀਤ ਸਿੰਘ ਦੀ ਅਗਵਾਈ ਹੇਠ ਇਕ ਪੁਲਿਸ ਪਾਰਟੀ ਕੋਈ 200 ਵਿਅਕਤੀਆਂ ਦੀ ਮੌਜੂਦਗੀ ਵਿਚ ਜੱਥੇਦਾਰ ਨੂੰ ਕੌਂਕੇ ਪਿੰਡ ਤੋਂ ਚੁੱਕ ਕੇ ਲੈ ਗਈ। ਫਿਰ ਉਸ ਨੂੰ ਐਸ.ਐਸ.ਪੀ. ਸਵਰਨ ਸਿੰਘ ਘੋਟਨਾ ਦੀ ਨਿਗਰਾਨੀ ਹੇਠ ਜਗਰਾਓਂ ਪੁਲਿਸ ਦੁਆਰਾ ਵਹਿਸ਼ੀਆਨਾ ਢੰਗ ਨਾਲ ਤਸੀਹੇ ਦਿੱਤੇ ਗਏ ਅਤੇ 1 ਜਨਵਰੀ,1993 ਦੀ ਰਾਤ ਨੂੰ ਉਸ ਨੂੰ ਮਾਰ ਦਿੱਤਾ ਗਿਆ। ਉਸ ਦੀ ਲਾਸ਼ ਸਿੱਧਵਾਂ ਬੇਟ ਥਾਣੇ ਦੀ ਹੱਦ ਅੰਦਰ ਪੈਂਦੇ ਪਿੰਡ ਕਾਨੀਆਂ ਨੇੜੇ ਸਤਲੁਜ ਦਰਿਆ ਵਿਚ ਸੁੱਟ ਦਿੱਤੀ ਗਈ। ਇਹ ਲਾਸ਼ ਲੱਭੀ ਨਹੀਂ ਸੀ।

***ਬਲਵੰਤ ਸਿੰਘ***

ਜੁਲਾਈ 10, 1990 ਨੂੰ ਬਲਵੰਤ ਸਿੰਘ, ਜੋ ਕਿ ਬਰਨਾਲਾ ਅਕਾਲੀ ਸਰਕਾਰ ਵਿਚ ਵਿੱਤ ਮੰਤਰੀ ਸੀ, ਨੂੰ ਚੰਡੀਗੜ੍ਹ ਵਿਚ ਕਤਲ ਕਰ ਦਿੱਤਾ ਗਿਆ ਸੀ। ਉਸ ਦੀ ਮੌਤ ਭੇਦ-ਭਰੀ ਰਹਿ ਗਈ। ਇਕ ਰਾਜਨੀਤੀਵਾਨ ਵਜੋਂ ਸਫ਼ਲਤਾ ਪ੍ਰਾਪਤ ਕਰਨ ਤੋਂ ਇਲਾਵਾ ਉਹ ਇਕ ਸਫ਼ਲ ਸਨਅੱਤਕਾਰ ਵੀ ਸੀ ਅਤੇ ਇਕ ਧਨਵਾਨ ਵਿਅੱਕਤੀ ਸੀ। ਇਹ ਕਿਆਸ ਲਗਾਇਆ ਗਿਆ ਕਿ

ਉਸ ਨੇ "ਖ਼ਾਲਿਸਤਾਨ ਬੀਮਾ ਕੰਪਨੀ" ਪਾਲਿਸੀ ਦੀ ਪੂਰੀ ਪੂਰੀ ਅਦਾਇਗੀ ਕੀਤੀ ਹੋਈ ਸੀ ਜਿਸ ਕਰਕੇ ਉਸ ਨੂੰ ਅੱਤਵਾਦੀਆਂ ਦੀ ਗੋਲੀ ਨਾਲ ਮੌਤ ਦੀ ਕੋਈ ਚਿੰਤਾ ਨਹੀਂ ਸੀ। ਦੂਜੇ ਸ਼ਬਦਾਂ ਵਿਚ ਕਹਿ ਲਓ ਉਸ ਨੇ "ਸੁਰੱਖਿਆ ਧਨ" ਅਦਾ ਕਰ ਦਿੱਤਾ ਸੀ।

ਇਸ ਦੇ ਨਾਲ ਨਾਲ, ਜਿਵੇਂ ਕਿ ਹੋਰ ਅਕਾਲੀ ਸਿਆਸਤਦਾਨ ਨਹੀਂ ਕਰਦੇ, ਉਹ ਕਿਸੇ ਉੱਚ ਪਦਵੀ ਤੇ ਨਾ ਪਹੁੰਚਣ ਲਈ ਜਾਣੇ ਜਾਂਦੇ ਸਨ ਅਤੇ ਉਨ੍ਹਾਂ ਨੂੰ ਆਮ ਤੌਰ ਤੇ ਉਦਾਰਤਾ ਵਾਲੇ ਖਿਆਲਾਂ ਵਾਲਾ ਵਿਅਕਤੀ ਕਿਹਾ ਜਾਂਦਾ ਸੀ, ਜਿਹੜਾ ਕਿਸੇ ਸਮੱਸਿਆ ਦਾ ਹਮੇਸ਼ਾਂ ਇਕੱਠੇ ਬੈਠ ਕੇ ਗੱਲਬਾਤ ਰਾਹੀਂ ਹਲ ਕੱਢਣ ਲਈ ਤਿਆਰ ਰਹਿੰਦਾ ਸੀ। ਸਰਕਾਰ ਉਸ ਆਦਮੀ ਨੂੰ ਕਿਉਂ ਮਾਰਨਾ ਚਾਹੇਗੀ" ਜਿਸ ਨਾਲ ਕਾਰੋਬਾਰ ਦੀ ਸਾਂਝ ਹੋਵੇ?" ਉਹ ਰਾਜੀਵ-ਲੌਂਗੋਵਾਲ ਦਾ ਸਹਿਯੋਗੀ ਸੀ (ਜਿਸ ਕਰਕੇ ਅੱਤਵਾਦੀਆਂ ਨੂੰ ਉਸ ਨੂੰ ਮਾਰਨ ਦਾ ਪੂਰਾ ਝਾਂਸਾ ਦਿੱਤਾ ਗਿਆ) ਅਤੇ ਸ਼ਾਇਦ ਉਹ ਉਸ ਗੁਪਤ ਕਲਾਜ਼ ਤੋਂ ਵੀ ਜਾਣੂੰ ਸੀ ਪ੍ਰੰਤੂ ਉਹ ਅਸੂਲ ਵਾਲਾ ਆਦਮੀ, ਜਿਸਨੇ ਪੰਜਾਬ ਵਿਚ ਪੈਦਾ ਹੋਈ ਗੜਬੜੀ ਕਾਰਣ, ਕੋਈ ਹਲ ਲੱਭਣ ਲਈ ਸੋਚਣ ਦੀ ਕੋਸ਼ਿਸ਼ ਕੀਤੀ ਅਤੇ ਉਸ ਨੇ ਪੰਜਾਬ ਪੁਲਿਸ ਦੇ ਮੁੱਖੀ, ਜੂਲੀਓ ਰਿਬੈਰੋ ਦੁਆਰਾ ਅਪਣਾਏ ਗਏ ਗੈਰ-ਸੰਵਿਧਾਨਕ ਤਰੀਕਿਆਂ ਦੀ ਵਿਰੋਧਤਾ ਕੀਤੀ।

ਰਿਬੈਰੋ ਆਪਣੀ ਪੁਸਤਕ ਵਿਚ ਲਿਖਦਾ ਹੈ: ਜਿਵੇਂ ਮੇਰੀ ਰਿਟਾਇਰਮੈਂਟ ਦਾ ਦਿਨ ਨੇੜੇ ਆਇਆ, ਕੁਝ ਅਕਾਲੀ ਮੰਤਰੀਆਂ ਨੇ ਮੇਰੀ ਨੌਕਰੀ ਵਿਚ ਵਾਧੇ ਦੀ ਵਿਰੋਧਤਾ ਕਰਨ ਲਈ ਬਰਨਾਲੇ ਨੂੰ ਪਹੁੰਚ ਕੀਤੀ। ਬਰਨਾਲਾ ਇਕ ਬਹੁਤ ਸੂਝਵਾਨ ਵਿਅਕਤੀ ਸੀ। ਉਹ ਘੱਟ ਮਹੱਤਵ ਵਾਲੇ ਮੰਤਰੀਆਂ ਨੂੰ ਤਾਂ ਸੰਭਾਲ ਲੈਂਦਾ ਪਰ ਉਹ ਬਲਵੰਤ ਸਿੰਘ, ਵਿੱਤ ਮੰਤਰੀ ਅਤੇ ਜੋ ਇਕ ਬਹੁਤ ਤਜਰਬੇਕਾਰ ਅਤੇ ਸੁਲਝਿਆ ਹੋਇਆ ਸਿਆਸਤਦਾਨ ਸੀ, ਵਰਗੇ ਆਪਣੇ ਸੀਨੀਅਰ ਸਹਿਯੋਗੀ ਨੂੰ ਸੰਭਾਲਣ ਬਾਰੇ ਕਦੀ ਸੋਚ ਵੀ ਨਹੀਂ ਸੀ ਸਕਦਾ। ਬਲਵੰਤ ਸਿੰਘ, ਮੰਤਰੀ-ਮੰਡਲ ਵਿਚ ਕੁਝ ਇਕ ਮੰਤਰੀਆਂ ਵਿਚੋਂ ਇਕ ਸੀ ਜੋ 'ਪੰਥਕ' ਨਹੀਂ ਸੀ। ਉਹ ਬੁਨਿਆਦੀ ਤੌਰ ਤੇ ਇਕ ਵਿਓਪਾਰੀ ਸੀ। ਚਾਹੇ ਉਹ ਮੇਰੇ ਵਿਰੁੱਧ ਨਹੀਂ ਸੀ। ਉਸ ਨੂੰ ਪਹਿਲਾਂ ਵਰਣਿਤ ਪੰਜਾਬ ਦੇ ਇਕ ਆਈ.ਏ.ਐਸ. ਅਫ਼ਸਰ, ਜਿਸਨੇ ਪੱਤਰ ਦਾ ਖਰੜਾ ਤਿਆਰ ਕੀਤਾ ਸੀ, ਨੇ ਪ੍ਰਭਾਵਿਤ ਕਰ ਲਿਆ ਸੀ ਅਤੇ ਉਸ ਕੋਲੋਂ ਦਸਤਖ਼ਤ ਕਰਵਾ ਲਏ ਸਨ।"

ਬਲਵੰਤ ਸਿੰਘ ਅਤੇ ਇਕ ਹੋਰ ਮੰਤਰੀ ਹਰਭਜਨ ਸਿੰਘ ਸੰਧੂ ਨੇ ਵੀ ਰਿਬੈਰੋ ਦੇ ਤੌਰ-ਤਰੀਕਿਆਂ ਦੀ ਨੁਕਤਾਚੀਨੀ ਕੀਤੀ ਸੀ। ਉਸ ਨੂੰ ਬਲਵੰਤ ਸਿੰਘ ਦੀ ਤਰ੍ਹਾਂ ਖਾੜਕੂਆਂ ਦੁਆਰਾ ਮਰਵਾ ਦਿੱਤਾ ਗਿਆ। ਕੀ ਇਹ ਰਾਜ ਸਰਕਾਰ ਦੁਆਰਾ ਕਰਵਾਈਆਂ ਜਾ ਸਕਦੀਆਂ ਸਨ, ਜੇਕਰ ਨਹੀਂ ਤਾਂ, ਰਿਬੈਰੋ ਦੁਆਰਾ? ਇਹ ਕੰਮ ਸ਼ਾਇਦ ਪੰਜਾਬ ਵਿਚ ਉਸ ਸਮੇਂ ਕੇਂਦਰੀ ਸਰਕਾਰ ਦੁਆਰਾ ਚਲਾਈਆਂ ਜਾ ਰਹੀਆਂ ਬੇਗਿਣਤ ਚਾਲਾਂ ਵਿਚੋਂ ਇਕ ਸੀ।

ਕਾਫੀ ਚਿਰ, ਬਲਵੰਤ ਸਿੰਘ ਦੇ ਅਕਾਲੀ ਵਿਰੋਧੀਆਂ ਵਿਚ ਇਹ ਵੀ ਸ਼ੰਕਾ ਕੀਤੀ ਗਈ। ਪ੍ਰੰਤੂ 1994 ਵਿਚ ਪੰਜਾਬ ਦੇ ਰਾਜਪਾਲ ਸੁਰਿੰਦਰ ਨਾਥ ਦੀ ਇਕ ਹਵਾਈ ਹਾਦਸੇ ਵਿਚ ਮੌਤ ਤੋਂ ਬਾਅਦ, ਇਕ ਹੋਰ ਛੋਟੀ ਜਿਹੀ ਸੂਚਨਾ ਸਾਹਮਣੇ ਆਈ ਜਿਸ ਤੋਂ ਲੋਕਾਂ ਨੇ ਫਿਰ ਹੈਰਾਨ ਹੋਣਾ ਸ਼ੁਰੂ ਕਰ ਦਿੱਤਾ। ਰਾਜਪਾਲ ਦੇ ਨਿੱਜੀ ਕਮਰੇ ਵਿਚੋਂ ਬਰਾਮਦ ਕੀਤੀ ਗਈ ਭਾਰੀ ਰਕਮ ਦੀ ਅਫ਼ਵਾਹ ਉੱਡਣ ਦੀ ਖ਼ਬਰ ਦਿੰਦਿਆਂ **ਹਿਤਵਦਾ** ਦੇ ਪੱਤਰਕਾਰ ਨੇ ਜ਼ਿਕਰ ਕੀਤਾ ਕਿ ਇਕ ਮੁਅੱਤਲ ਪੁਲਿਸ ਅਫ਼ਸਰ, ਬਖ਼ਸ਼ੀਸ਼ ਸਿੰਘ, ਜੋ ਕਿ ਰਾਜਪਾਲ ਦਾ ਇਕ ਬਹੁਤ ਨਜ਼ਦੀਕੀ ਵਿਅਕਤੀ ਸੀ, ਦਿਨੇ ਜਾਂ ਰਾਤੀਂ ਬਲਕਿ ਵੇਲੇ-ਕੁਵੇਲੇ ਵੀ ਰਾਜ ਭਵਨ ਵਿਚ ਘੁੰਮਦਾ-ਫਿਰਦਾ ਰਹਿੰਦਾ ਸੀ ਅਤੇ ਉਸ ਨੂੰ ਰਾਜਪਾਲ ਦੇ “ਗੁਪਤ ਉਦੇਸ਼ਾਂ” ਦੀ ਪੂਰੀ ਵਾਕਫੀਅਤ ਸੀ। ਬਖ਼ਸ਼ੀਸ਼ ਸਿੰਘ ਬਲਵੰਤ ਸਿੰਘ ਦੀ ਸੁਰੱਖਿਆ ਦਾ ਇੰਚਾਰਜ ਰਿਹਾ ਸੀ ਅਤੇ ਉਸ ਨੂੰ ਚੰਡੀਗੜ੍ਹ ਵਿਚ ਬਲਵੰਤ ਸਿੰਘ ਨੂੰ ਦਿਨ-ਦਿਹਾੜੇ ਮਾਰ ਦਿੱਤੇ ਜਾਣ ਤੋਂ ਬਾਅਦ ਮੁਅੱਤਲ ਕਰ ਦਿੱਤਾ ਗਿਆ ਸੀ। ਉਸ ਤੋਂ ਕਈ ਸਾਲਾਂ ਬਾਅਦ ਬਖਸ਼ੀਸ਼ ਦ੍ਰਿਸ਼ ਤੋਂ ਗਾਇਬ ਹੋ ਗਿਆ ਸੀ। ਅਚਾਨਕ ਉਹ ਸਾਹਮਣੇ ਕਿਵੇਂ ਆ ਗਿਆ - ਅਤੇ ਉਹ ਵੀ ਰਾਜਪਾਲ ਦੇ ਏਨਾ ਨੇੜੇ ਕਿਵੇਂ ਹੋ ਗਿਆ? ਕੀ ਬਲਵੰਤ ਸਿੰਘ ਦੀ ਮੌਤ ਵਿਚ ਆਖਰ ਸਰਕਾਰ ਦਾ ਹੱਥ ਸੀ?